# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times — 19 ਜਨਵਰੀ 2025 ਦਿਨ ਐਤਵਾਰ — ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਸਪੀਕਰ ਸੰਧਵਾਂ ਨੇ ਆਪਣੇ ਅਖਤਿਆਰੀ ਕੋਟੇ 'ਚੋਂ ਦਿੱਤੇ 7 ਲੱਖ ਦੇ ਚੈੱਕ

ਵਰਲਡ ਪੰਜਾਬੀ ਟਾਈਮਜ਼

ਫ਼ਰੀਦਕੋਟ, 19 ਜਨਵਰੀ : ਸਪੀਕਰ ਪੰਜਾਬ ਵਿਧਾਨ ਸਭਾ ਕੁਲਤਾਰ ਸਿੰਘ ਸੰਧਵਾਂ ਨੇ ਦਸ਼ਮੇਸ਼ ਡੈਂਟਲ ਕਾਲਜ ਦੇ ਲੋੜਵੰਦ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਲਈ 1 ਲੱਖ ਰੁਪਏ ਆਪਣੀ ਅਖਤਿਆਰੀ ਕੋਟੇ ਵਿੱਚੋਂ ਭੇਟ ਕੀਤੇ। ਇਸ ਤੋਂ ਇਲਾਵਾ ਉਨ੍ਹਾਂ ਬਾਬਾ ਫਰੀਦ ਬੈਡਮਿੰਟਨ ਕਲੱਬ ਨੂੰ 5 ਲੱਖ ਰੁਪਏ ਅਤੇ ਬਾਬਾ ਫਰੀਦ ਫੁਟਬਾਲ ਕਲੱਬ ਨੂੰ 1 ਲੱਖ ਰੁਪਏ ਆਪਣੀ



ਅਖਤਿਆਰੀ ਕੋਟੇ ਵਿੱਚੋਂ ਦਿੱਤੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਸਰਕਾਰ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਲਗਾਤਾਰ ਉਪਰਾਲੇ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਖੇਡਾਂ ਵਤਨ ਪੰਜਾਬ ਦੀਆਂ ਸ਼ੁਰੂ ਕਰਵਾ ਕੇ ਪੰਜਾਬ ਵਿਚ ਖੇਡ ਸਭਿਆਚਾਰ ਨੂੰ ਹੋਰ ਪ੍ਰਫੁੱਲਿਤ ਕੀਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਇਸ ਉਪਰਾਲੇ ਸਦਕਾ ਹਰ ਵਰਗ ਦਾ ਵਿਅਕਤੀ ਆਪਣੀ ਮਨਪਸੰਦ ਖੇਡ ਨਾਲ ਜੁੜਿਆ ਹੈ। ਇਸ ਮੌਕੇ ਪ੍ਰਿੰਸੀਪਲ ਤਰੁਣ ਕੁਮਾਰ, ਡਾ. ਗੁਰਸੇਵਕ ਸਿੰਘ, ਜਸਵੀਰ ਸਿੰਘ ਸੰਧੂ, ਸਵਰਨਜੀਤ ਸਿੰਘ ਗਿੱਲ ਗੁਰਦੀਪ ਸਿੰਘ ਢਿੱਲੋਂ ਆਦਿ ਹਾਜ਼ਰ ਸਨ।

## 'ਚਾਈਨਾ ਡੋਰ ਫੜਾਉ-ਨਗਦ ਇਨਾਮ ਪਾਉ'

### ਚਾਈਨਾ ਡੋਰ ਇਨਸਾਨਾ ਦੇ ਨਾਲ-ਨਾਲ ਜਾਨਵਰਾਂ ਅਤੇ ਪੰਛੀਆਂ ਲਈ ਵੀ ਖਤਰਨਾਕ : ਐਡਵੋਕੇਟ ਅਜੀਤ ਵਰਮਾ

ਵਰਲਡ ਪੰਜਾਬੀ ਟਾਈਮਜ਼ — ਟਿੰਕੂ ਕੁਮਾਰ



ਕੋਟਕਪੂਰਾ, 19 ਜਨਵਰੀ : ਉੱਘੇ ਸਮਾਜਸੇਵੀ ਅਤੇ ਸੀਨੀਅਰ ਵਕੀਲ ਅਜੀਤ ਵਰਮਾ ਨੇ ਕੁਝ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਪਤੰਗ ਉਡਾਉਣ ਦੇ ਸ਼ੌਕੀਨ ਲੋਕ ਪਲਾਸਟਿਕ ਦੀ ਡੋਰ ਦੀ ਵਧੇਰੇ ਵਰਤੋਂ ਕਰਦੇ ਹਨ ਅਤੇ ਹਰ ਸਾਲ ਵੱਡੀ ਗਿਣਤੀ ਵਿੱਚ ਇਨਸਾਨਾਂ ਦੇ ਨਾਲ-ਨਾਲ ਜਾਨਵਰ, ਪਸ਼ੂ ਅਤੇ ਪੰਛੀ ਵੀ ਇਸ ਨਾਲ ਜਖਮੀ ਹੋ ਜਾਂਦੇ ਹਨ। ਕਈ ਜਾਨਵਰ ਪਸ਼ੂ, ਪੰਛੀ ਅਤੇ ਇਨਸਾਨ ਇਸ ਖੂਨੀ ਡੋਰ ਨਾਲ ਆਪਣੀਆਂ ਜਾਨਾਂ ਗਵਾ ਚੁੱਕੇ ਹਨ। ਉਹਨਾਂ ਕਿਹਾ ਕਿ ਇਸ ਡੋਰ ਨੂੰ ਖਰੀਦਣ ਜਾਂ ਵੇਚਣ ਵਾਲਿਆਂ ਖਿਲਾਫ ਪੁਲਿਸ ਪ੍ਰਸ਼ਾਸਨ ਕਾਰਵਾਈ ਤਾਂ ਕਰਦਾ ਹੈ ਪਰ ਪਤੰਗਾਂ ਉਡਾਉਣ ਦੇ ਸ਼ੌਕੀਨ ਪੁਲਿਸ ਦੀ ਕਾਰਵਾਈ ਦੀ ਪ੍ਰਵਾਹ ਨਾ ਕਰਦੇ ਹੋਏ ਧੜੱਲੇ ਨਾਲ ਚਾਈਨਾ ਡੋਰ ਦੀ ਵਰਤੋਂ ਕਰਦੇ ਹਨ। ਐਡਵੋਕੇਟ ਅਜੀਤ ਵਰਮਾ ਨੇ ਪੁਲਿਸ ਪ੍ਰਸ਼ਾਸਨ ਕੋਲੋਂ ਮੰਗ ਕੀਤੀ ਕਿ ਪਲਾਸਟਿਕ ਦੀ ਡੋਰ ਖਰੀਦਣ ਵੇਚਣ ਅਤੇ ਵਰਤਣ ਵਾਲਿਆਂ ਖਿਲਾਫ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ, ਤਾਂ ਕਿ ਇਸ ਨੂੰ ਪੂਰੀ ਤਰ੍ਹਾਂ ਨਾਲ ਰੋਕਿਆ ਜਾ ਸਕੇ। ਇਸ ਪਲਾਸਟਿਕ ਦੀ ਡੋਰ ਦੇ ਨਾਲ ਇਨਸਾਨ, ਜਾਨਵਰ, ਪਸ਼ੂ, ਪੰਛੀਆਂ ਨੂੰ ਆਪਣੀ ਜਾਨ ਤੋਂ ਹੱਥ ਧੋਣੇ ਪੈ ਰਹੇ ਹਨ। ਉਹਨਾਂ ਕਿਹਾ ਕਿ ਜੇਕਰ ਲੋਕ ਪਲਾਸਟਿਕ ਦੀ ਡੋਰ ਦੀ ਮੰਗ ਕਰਨੀ ਬੰਦ ਕਰ ਦੇਣ ਤਾਂ ਪਲਾਸਟਿਕ ਡੋਰ ਦੀ ਵਿਕਰੀ ਆਪਣੇ ਆਪ ਹੀ ਬੰਦ ਹੋ ਜਾਵੇਗੀ। ਐਡਵੋਕੇਟ ਅਜੀਤ ਵਰਮਾ ਨੇ ਦੱਸਿਆ ਕਿ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵਲੋਂ ਵੀ ਚਾਈਨਾ ਡੋਰ ਦੀ ਵਿਕਰੀ 'ਤੇ ਪੂਰਨ ਤੌਰ 'ਤੇ ਪਾਬੰਦੀ ਲਾਈ ਗਈ ਹੈ, ਜਿਸ ਨਾਲ ਐਕਟ 1986 ਅਧੀਨ ਧਾਰਾ 5 ਤਹਿਤ ਜੇਕਰ ਕੋਈ ਵੀ ਵਿਅਕਤੀ ਚਾਈਨਾ ਡੋਰ ਨੂੰ ਵੇਚ/ਸਟੋਰ/ਸਪਲਾਈ ਜਾਂ ਵਰਤ ਰਿਹਾ ਹੈ ਤਾਂ ਇਸ ਸਬੰਧੀ ਜਾਣਕਾਰੀ ਟੋਲ ਫਰੀ ਨੰਬਰ 1800-180-2180 'ਤੇ ਦਿੱਤੀ ਜਾਵੇ, ਸੂਚਨਾ ਦੇਣ ਵਾਲੇ (ਚਾਈਨਾ ਡੋਰ ਫੜਾਉ-ਨਗਦ ਇਨਾਮ ਪਾਉ) ਨੂੰ ਨਗਦ ਇਨਾਮ ਦੇਣ ਦੇ ਨਾਲ-ਨਾਲ ਉਸਦਾ ਨਾਮ ਵੀ ਗੁਪਤ ਰੱਖਿਆ ਜਾਵੇਗਾ। ਉਹਨਾਂ ਅੱਗੇ ਦੱਸਿਆ ਕਿ ਕਿਹਾ ਕਿ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਚਾਈਨਾ ਡੋਰ ਵਰਤਨ ਵਾਲਿਆਂ ਅਤੇ ਵੇਚਣ ਵਾਲਿਆਂ ਵਿਰੁੱਧ ਦੋਸ਼ੀ ਪਾਏ ਜਾਣ 'ਤੇ 5 ਸਾਲ ਦੀ ਕੈਦ ਜਾਂ ਇੱਕ ਲੱਖ ਰੁਪਏ ਜੁਰਮਾਨੇ ਦੀ ਵਿਵਸਥਾ ਕੀਤੀ ਗਈ ਹੈ।

## ਮਿੱਠਬੋਲੜੇ ਤੇ ਮਿਹਨਤੀ ਮਾਸਟਰ ਜਗਦੀਪ ਸਿੰਘ ਥਿੰਦ ਦਾ ਵਿਛੋੜਾ

ਵਰਲਡ ਪੰਜਾਬੀ ਟਾਈਮਜ਼ — ਮਾਸਟਰ ਹਰਭਿੰਦਰ ਸਿੰਘ



ਨਿੱਜ ਨੂੰ ਨਕਾਰਦਿਆਂ ਸਰਬੱਤ ਦੇ ਭਲੇ 'ਤੇ ਚੱਲਦਿਆਂ ਸਭਨਾਂ ਦੀ ਖੈਰੀਅਤ ਅਤੇ ਲੋੜ ਵੇਲੇ ਕੰਮ ਆਉਣਾ,ਨਿਮਰਤਾ ਦਾ ਪੱਲਾ ਨਾ ਛੱਡਦਿਆਂ ਮਿੱਠੇ ਬੋਲਾਂ ਸੰਗ ਗੈਰਾਂ ਦੇ ਮਨਾਂ ਵਿੱਚ ਆਪਣੀ ਵਿਸ਼ੇਸ ਥਾਂ ਬਣਾ ਲੈਣ ਦੇ ਗੁਣਾਂ ਸਦਕਾ ਸਿੱਖਿਆ ਵਿਭਾਗ ਵਿੱਚ ਬਤੌਰ ਅੰਗਰੇਜੀ ਮਾਸਟਰ ਅਤੇ ਬਲਾਕ ਮੈਂਟਰ ਵਜੋਂ ਵਿਚਰਦਿਆਂ ਜਗਦੀਪ ਸਿੰਘ ਥਿੰਦ ਨੇ ਆਪਣੀ ਨਿਵੇਕਲੀ ਪਛਾਣ ਬਣਾਈ।

ਜਗਦੀਪ ਸਿੰਘ ਥਿੰਦ ਪੰਜ ਕੁ ਦਹਾਕੇ ਪਹਿਲਾਂ ਲੁਧਿਆਣਾ ਜਿਲ੍ਹੇ ਦੇ ਪਿੰਡ ਮੋਹੀ ਵਿੱਚ ਜਨਮਿਆ ਉਹ ਤਿੰਨ ਭੈਣਾਂ ਦਾ ਇਕਲੌਤਾ ਭਰਾ ਸੀ।ਗੁਰੂ ਨਾਨਕ ਸਕੂਲ ਅਤੇ ਕੇਂਦਰੀਆ ਵਿਦਿਆਲਿਆ ਤੋਂ ਮੁੱਢਲੀ ਸਿੱਖਿਆ ਪ੍ਰਾਪਤ ਕਰਨ ਉਪ੍ਰੰਤ ਬ੍ਰਜਿੰਦਰਾ ਕਾਲਜ ਫਰੀਦਕੋਟ ਤੋਂ ਬੀ.ਏ ਅਤੇ ਸਰਕਾਰੀ ਕਾਲਜ ਲੁਧਿਆਣਾ ਤੋਂ ਐਮ.ਏ ਇੰਗਲਿਸ਼ ਕਰਨ ਉਪਰੰਤ ਬੀ.ਐੱਡ ਵੀ ਪੰਜਾਬ ਯੂਨੀਵਰਸਿਟੀ ਰਾਹੀਂ ਕੀਤੀ।ਸਿੱਖਿਆ ਪ੍ਰਾਪਤੀ ਉਪਰੰਤ ਕੁਝ ਸਮਾਂ ਲੁਧਿਆਣਾ ਵਿਖੇ ਪ੍ਰਾਈਵੇਟ ਡਿਊਟੀ ਨਿਭਾਈ।

ਸਾਲ 1998 ਦੌਰਾਨ ਜਗਦੀਪ ਸਿੰਘ ਨੇ ਪੜ੍ਹੀ ਲਿਖੀ ਲੜਕੀ ਨਾਲ ਵਿਆਹ ਕਰਵਾਇਆ ਅਤੇ ਘਰ ਵਿੱਚ ਦੋ ਪੁੱਤਰਾਂ ਨੇ ਜਨਮ ਲਿਆ।ਮਾਸਟਰ ਜੀ ਦੀ ਪਤਨੀ ਵੀ ਰਾਏਕੋਟ ਦੇ ਨਰਸਿੰਗ ਕਾਲਿਜ ਦੇ ਪ੍ਰਿੰਸੀਪਲ ਵਜੋਂ ਸੇਵਾਵਾਂ ਨਿਭਾ ਰਹੇ ਹਨ।ਸਾਲ 2008 ਦੌਰਾਨ ਜਗਦੀਪ ਸਿੰਘ ਥਿੰਦ ਬਤੌਰ ਅੰਗਰੇਜੀ ਮਾਸਟਰ ਸਰਕਾਰੀ ਹਾਈ ਸਕੂਲ ਬਾਸੀਆਂ ਬੇਟ ਵਿਖੇ ਹਾਜਰ ਹੁੰਦਿਆਂ ਹੀ ਅਧਿਆਪਨ ਸੇਵਾ ਨੂੰ ਸਮਰਪਿਤ ਹੋ ਗਏ,ਵਿਦਿਆਰਥੀਆਂ ,ਅਧਿਆਪਕਾਂ ਅਤੇ ਆਮ ਲੋਕਾਂ ਸੰਗ ਚੰਗੇਰੇ ਸਬੰਧਾਂ ਨੂੰ ਬਣਾਉਂਦਿਆਂ ਉਹ ਆਪਣੀਆਂ ਘਰੇਲੂ ਜੁੰਮੇਵਾਰੀਆਂ ਨੂੰ ਵੀ ਬਾਖੂਬੀ ਨਿਭਾ ਰਹੇ ਸਨ ਕਿਉਂਜੋ ਮਾਸਟਰ ਜੀ ਦੀ ਪਤਨੀ ਦੇ ਛੋਟੇ ਭਰਾ ਦੀ ਬੇਵਕਤੀ ਮੌਤ ਕਾਰਣ ਸਹੁਰਾ ਪਰਿਵਾਰ ਦੀ ਦੇਖ ਭਾਲ ਦੀ ਜੁੰਮੇਵਾਰੀ ਵੀ ਉਂ੍ਹਨਾਂ ਦੀ ਬਣ ਚੁੱਕੀ ਸੀ।ਬਿਰਧ ਮਾਂ ਅਤੇ ਬਿਰਧ ਸੱਸ –ਸਹੁਰੇ ਦੀ ਸੇਵਾ ਸੰਭਾਲ ਨੇ ਉਸਦੇ ਚਿਹਰੇ 'ਤੇ ਕਦੇ ਸ਼ਿਕਨ ਨਹੀਂ ਸੀ ਆਉਣ ਦਿੱਤਾ।

ਮਿਹਨਤੀ ਅਧਿਆਪਕ ਕਦੇ ਵਿਭਾਗ ਦੀਆਂ ਅੱਖਾਂ ਤੋਂ ਨਹੀਂ ਲੁਕ ਸਕਦਾ।ਸਾਲ 2017 ਦੌਰਾਨ ਮਾਣਯੋਗ ਸਿੱਖਿਆ ਸਕੱਤਰ ਸ਼੍ਰੀ ਕ੍ਰਿਸ਼ਨ ਕੁਮਾਰ ਦੁਆਰਾ ਚਲਾਏ ਗਏ "ਪੜ੍ਹੋ ਪੰਜਾਬ,ਪੜਾਓ ਪੰਜਾਬ" ਪ੍ਰੋਜੈਕਟ ਵਿੱਚ ਮਾਸਟਰ ਜਗਦੀਪ ਸਿੰਘ ਥਿੰਦ ਨੂੰ ਸ਼੍ਰੀ ਸੁਬੋਧ ਕੁਮਾਰ ਵਰਮਾ ਜਿਲ੍ਹਾ ਮੈਂਟਰ (ਅੰਗਰੇਜੀ ਅਤੇ ਸਮਾਜਿਕ ਵਿਗਿਆਨ) ਅਧੀਨ ਬਲਾਕ ਮੈਂਟਰ(ਬੀ.ਐਮ) ਬਾਲਕ ਸਿੱਧਵਾਂ ਬੇਟ-1,2 ਦੀਆਂ ਜੁੰਮੇਵਾਰੀਆਂ ਸੌਂਪੀਆਂ ਗਈਆਂ।ਆਪਣੇ ਮਿੱਠਬੋਲੜੇ ਸੁਬਾਓ ਅਤੇ ਨਿਮਰਤਾ ਸਦਕਾ ਥੋੜੇ ਅਰਸੇ ਦੌਰਾਨ ਜਗਦੀਪ ਨੇ ਦੋਵਾਂ ਬਲਾਕਾਂ ਦੇ ਅਧਿਆਂਪਕਾਂ ਦਾ ਹੀ ਮਨ ਨਹੀਂ ਜਿੱਤਿਆ ਬਲਕਿ ਜਿਲ੍ਹਾ ਅਤੇ ਸਟੇਟ ਟੀਮ ਵਿੱਚ ਵੀ ਆਪਣੀ ਨਿਵੇਕਲੀ ਛਾਪ ਛੱਡੀ । ਆਪਣੇ ਵਿਸ਼ੇ ਅੰਗਰੇਜੀ ਦੇ ਨਾਲ ਨਾਲ ਕੰਪਿਊਟਰ,ਮਲਟੀਮੀਡੀਆ ਦੀ ਵਿਸ਼ੇਸ ਮੁਹਾਰਤ ਨਾਲ ਉਹ ਲੈਸ ਸੀ।ਅਧਿਆਪਕਾਂ ਦੇ ਸੈਮੀਨਾਰ,ਟਰੇਨਿੰਗਾਂ,ਪ੍ਰਤਿਭਾ ਖੋਜ ਮੁਕਾਬਲਿਆਂ ਦੇ ਆਯੋਜਨ ਜਗਦੀਪ ਸਿੰਘ ਥਿੰਦ ਤੋਂ ਬਿਨਾਂ ਅਧੂਰੇ ਹੁੰਦੇ ਸਨ।ਨਵੇਂ ਬਲਾਕ ਮੈਂਟਰਾਂ ਨੂੰ ਬਲਾਕ ਦੇ ਕੰਮਾਂ ਵਿੱਚ ਪੂਰਨ ਸਹਿਯੋਗ,ਅਧਿਆਪਕਾਂ ਨੂੰ ਡਾਕ ਸਬੰਧੀ ਜਾਣਕਾਰੀ ਤੋਂ ਇਲਾਵਾ ਸਮਾਜਿਕ ਤੇ ਘਰੇਲੂ ਅਗਵਾਈ ਲੀਹਾਂ ਲੈਣ ਵਿੱਚ ਵੀ ਅਧਿਆਪਕ ਮਾਸਟਰ ਜੀ ਤੋਂ ਹਿਚਕਿਚਾਹਟ ਮਹਿਸੂਸ ਨਹੀਂ ਕਰਦੇ ਸਨ।

ਨਵੀਂ ਸਰਕਾਰ ਬਨਣ ਉਪਰੰਤ ਪ੍ਰੋਜੈਕਟ ਨੂੰ ਹੋਰ ਨਾਮ ਹੇਠ ਚਲਾਇਆ ਗਿਆ ਤਾਂ ਜਗਦੀਪ ਸਿੰਘ ਆਪਣੇ ਅਖੀਰਲੇ ਬਲਾਕ ਲੁਧਿਆਣਾ-2 ਤੋਂ ਆਪਣੇ ਪਿੱਤਰੀ ਸਕੂਲ ਸਰਕਾਰੀ ਹਾਈ ਸਕੂਲ਼ ਰੁੜਕਾ ਵਿਖੇ ਵਿਦਿਆਰਥੀਆਂ, ਮਾਪਿਆਂ, ਆਮ ਲੋਕਾਂ ਤੋਂ ਇਲਾਵਾ ਸਕੂਲਾਂ ਵਿੱਚ ਬੈਠੇ ਅਧਿਆਪਕਾਂ ਦੀ ਉਸੇ ਪ੍ਰਕਾਰ ਅਗਵਾਈ ਕਰਨ ਵਿੱਚ ਮਸ਼ਰੂਫ ਰਹਿੰਦੇ ਸਨ।

ਅਚਾਨਕ 11 ਜਨਵਰੀ 2025 ਨੂੰ ਦਿਲ ਦੀ ਧੜਕਣ ਬੰਦ ਹੋਣ ਕਾਰਨ ਸਭਨਾਂ ਦੇ ਹਰਮਨ ਪਿਆਰੇ ਮਾਸਟਰ ਜਗਦੀਪ ਸਿੰਗ ਜੀ ਥਿੰਦ ਆਪਣੇ ਪਰਿਵਾਰ,ਮਿੱਤਰਾਂ,ਸੰਗੀਆਂ-ਸਾਥੀਆਂ,ਜਿਲ੍ਹੇ ਭਰ ਦੇ ਅਧਿਆਪਕਾਂ,ਵਿਦਿਆਰਥੀਆਂ ਅਤੇ ਆਮ ਲੋਕਾਂ ਦੇ ਦਿਲਾਂ 'ਤੇ ਆਪਣੀ ਮਿਹਨਤ,ਪ੍ਰਤਿਭਾ,ਸੇਵਾ,ਸਹਿਯੋਗ,ਅਤੇ ਆਤਮ ਸਮਰਪਣ ਦੀਆਂ ਭਾਵਨਾਵਾਂ ਦੀ ਡੂੰਘੀ ਛਾਪ ਛੱਡਦਿਆਂ ਇਸ ਜਹਾਨ ਤੋਂ ਰੁਖਸਤ ਹੋ ਗਏ। ਸੱਚ ਮੁੱਚ ਅਜਿਹੇ ਅਧਿਆਪਕ ਦਾ ਜੀਵਨ ਪੰਧ ਵਿੱਚੋਂ ਅੱਧਵਾਟੇ ਤੁਰ ਜਾਣਾ,ਪਰਿਵਾਰ,ਸਮਾਜ ਅਤੇ ਸਿੱਖਿਆ ਵਿਭਾਗ ਵਾਸਤੇ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਹੈ।

## ਟਰੰਪ ਦੀ ਟੀਮ 'ਚ ਪੰਜ ਭਾਰਤੀ ਅਮਰੀਕਨਾ ਦੀ ਬੱਲੇ-ਬੱਲੇ

ਵਰਲਡ ਪੰਜਾਬੀ ਟਾਈਮਜ਼ — ਉਜਾਗਰ ਸਿੰਘ



ਅਮਰੀਕਾ ਦੇ ਨਵੇਂ ਚੁਣੇ ਗਏ 47ਵੇਂ ਰਾਸ਼ਟਰਪਤੀ ਡੋਨਾਲਡ ਟਰੰਪ 20 ਜਨਵਰੀ ਨੂੰ ਦੂਜੀ ਵਾਰ ਰਾਸ਼ਟਰਪਤੀ ਦੇ ਅਹੁਦੇ ਦੀ ਸਹੁੰ ਚੁੱਕਣ ਜਾ ਰਹੇ ਹਨ। ਉਨ੍ਹਾਂ ਦੀ ਟੀਮ ਵਿੱਚ ਫਿਲਹਾਲ 5 ਭਾਰਤੀ ਮੂਲ ਦੇ ਅਮਰੀਕੀਆਂ ਲੈਫ਼.ਕਰਨਲ ਤੁਲਸੀ ਗਵਾਰਡ, ਵਿਵੇਕ ਗਨਪਥੀ ਰਾਮਾਸਵਾਮੀ, ਸ੍ਰੀ ਰਾਮ ਕ੍ਰਿਸ਼ਨਨ, ਜੈ (ਜਯੰਤ) ਭੱਟਾਚਾਰੀਆ ਅਤੇ ਹਰਮੀਤ ਕੌਰ ਢਿਲੋਂ ਨੂੰ ਸ਼ਾਮਲ ਕੀਤਾ ਗਿਆ ਹੈ। ਇਨ੍ਹਾਂ ਪੰਜਾਂ ਵਿੱਚ ਦੋ ਇਸਤਰੀਆਂ ਤੁਲਸੀ ਗਵਾਰਡ ਅਤੇ ਹਰਮੀਤ ਕੌਰ ਢਿਲੋਂ ਹਨ। ਭਾਰਤੀ ਮੂਲ ਦੇ ਅਮਰੀਕਨ ਕਯਸ਼ਪ ਪ੍ਰਮੋਦ ਵਿਨੋਦ ਪਟੇਲ ਜੋ ਅਮਰੀਕਾ ਵਿੱਚ ਕੈਸ ਪਟੇਲ ਦੇ ਨਾਮ ਨਾਲ ਜਾਣੇ ਜਾਂਦੇ ਹਨ, ਉਨ੍ਹਾਂ ਨੂੰ ਫ਼ੈਡਰਲ ਬਿਓਰੋ ਆਫ਼ ਇਨਵੈਸਟੀਗੇਸ਼ਨ (ਐਫ਼.ਬੀ.ਆਈ.) ਦਾ ਡਾਇਰੈਕਟਰ ਨਿਯੁਕਤ ਕੀਤਾ ਹੈ। ਅਮਰੀਕਾ ਦੇ ਪ੍ਰਬੰਧਕੀ ਢਾਂਚੇ ਵਿੱਚ ਇਹ ਸਭ ਤੋਂ ਉਚਾ ਅਹੁਦਾ ਹੈ। ਕੈਸ ਪਟੇਲ ਦਾ ਕੈਰੀਅਰ ਵਿਲੱਖਣ ਹੈ। ਉਹ ਸ਼ਾਨਦਾਰ ਵਕੀਲ, ਜਾਂਚ ਕਰਤਾ ਅਤੇ ਅਮਰੀਕਾ ਦਾ ਫਸਟ ਯੋਧਾ ਹੈ। ਉਸਨੇ ਭਰਿਸ਼ਟਾਚਾਰ ਵਿਰੋਧੀ ਰੂਸ ਦੀ ਧੋਖ਼ੇਬਾਜ਼ੀ ਦਾ ਪਰਦਾ ਫਾਸ਼ ਕਰਨ ਵਿੱਚ ਮੁੱਖ ਭੂਮਿਕਾ ਨਿਭਾਈ ਸੀ। ਉਸ ਦੇ ਮਾਪੇ 1970 ਵਿੱਚ ਅਫ਼ਰੀਕਾ ਤੋਂ ਕੈਨੇਡਾ ਫਿਰ ਅਮਰੀਕਾ ਆਏ ਸਨ। 44 ਸਾਲਾ ਕੈਸ ਪਟੇਲ ਦਾ ਜਨਮ 25 ਫਰਵਰੀ 1980 ਨੂੰ ਅਮਰੀਕਾ ਦੇ ਗਾਰਡਨ ਸ਼ਹਿਰ ਨਿਊਯਾਰਕ ਵਿੱਚ ਭਾਰਤੀ ਗੁਜਰਾਤੀ ਇਮੀਗਰੈਂਟਸ ਮਾਪਿਆਂ ਦੇ ਘਰ ਹੋਇਆ, ਜਿਸਨੂੰ ਲਿਟਲ ਇੰਡੀਆ (ਕੁਈਨਜ਼ ਨਿਊਯਾਰਕ) ਕਿਹਾ ਜਾਂਦਾ ਹੈ। ਡੋਨਾਲਡ ਟਰੰਪ ਦੀ ਪਹਿਲੀ ਟਰਮ ਵਿੱਚ ਉਹ 2017 ਵਿੱਚ ਅਮਰੀਕੀ ਰੱਖਿਆ ਸਕੱਤਰ ਦੇ ਨੈਸ਼ਨਲ ਸੀਨੀਅਰ ਡਿਪਟੀ ਡਾਇਰੈਕਟਰ ਰੱਖਿਆ ਵਿੱਚ ਚੀਫ਼ ਆਫ਼ ਸਟਾਫ਼ ਨਿਯੁਕਤ ਸੀ। ਕੈਸ ਪਟੇਲ ਨੇ ਗਾਰਡਨ ਸਿਟੀ ਹਾਈ ਸਕੂਲ ਤੋਂ ਗ੍ਰੈਜੂਏਸ਼ਨ ਕੀਤੀ। ਇਸ ਤੋਂ ਬਾਅਦ 2002 ਵਿੱਚ ਰਿਚਮੰਡ ਯੂਨੀਵਰਸਿਟੀ ਤੋਂ ਗ੍ਰੈਜੂਏਸ਼ਨ ਡਿਗਰੀ ਹਿਸਟਰੀ ਅਤੇ ਇਨ ਕਰਿਮੀਨਲ ਜਸਟਿਸ ਵਿੱਚ ਪਾਸ ਕੀਤੀਆਂ। 2004 ਵਿੱਚ ਯੂਨੀਵਰਸਿਟੀ ਕਾਲਜ ਲੰਡਨ ਤੋਂ ਸਰਟੀਫ਼ੀਕੇਟ ਆਫ਼ ਇੰਟਰਨੈਸ਼ਨਲ ਲਾਅ ਪ੍ਰਾਪਤ ਕੀਤਾ। ਉਸਨੇ ਕਾਨੂੰਨ ਦੀ ਡਿਗਰੀ ਪੇਸ ਯੂਨੀਵਰਸਿਟੀ ਸਕੂਲ ਆਫ਼ ਲਾਅ ਨਿਊਯਾਰਕ ਤੋਂ ਪਾਸ ਕੀਤੀ।

ਡੋਨਾਲਡ ਟਰੰਪ ਨੇ 43 ਸਾਲਾ ਤੁਲਸੀ ਗਵਾਰਡ ਨੂੰ ਨੈਸ਼ਨਲ ਇਨਟੈਲੀਜੈਂਸ ਦਾ ਡਾਇਰੈਕਟਰ ਬਣਾਕੇ ਮਹੱਤਵਪੂਰਨ ਕੰਮ ਦਿੱਤਾ ਹੈ। ਤੁਲਸੀ ਗਵਾਰਡ ਦਾ ਪਿਛੋਕੜ ਆਰਮੀ ਦਾ ਹੈ। ਉਹ ਅਮਰੀਕਾ ਵਿੱਚ 9/11 ਦੇ ਹੋਏ ਹਮਲੇ ਤੋਂ ਬਾਅਦ ਆਰਮੀ ਨੈਸ਼ਨਲ ਗਾਰਡ ਵਿੱਚ ਸ਼ਾਮਲ ਹੋ ਗਈ ਸੀ। ਉਹ ਪਲਾਟੂਨ ਲੀਡਰ ਵਜੋਂ ਮੱਧ ਪੂਰਵ ਵਿੱਚ ਤਾਇਨਾਤ ਰਹੀ ਹੈ। ਉਸਨੇ ਆਪਣਾ ਸਿਆਸੀ ਕੈਰੀਅਰ 2006 ਵਿੱਚ ਸੈਨੇਟਰ ਵੈਟਰਨ ਅਫ਼ੇਅਰ ਕਮੇਟੀ ਦੇ ਉਸ ਸਮੇਂ ਦੇ ਚੇਅਰਮੈਨ ਸੈਨੇਟਰ ਡੇਨੀਅਲ ਅਕਾਕਾ ਲਈ ਇੱਕ ਵਿਧਾਨਿਕ ਸਹਾਇਕ ਵਜੋਂ ਕੰਮ ਕਰਕਦਿਆਂ ਸ਼ੁਰੂ ਕੀਤਾ ਸੀ। ਤੁਲਸੀ ਗਵਾਰਡ ਪਹਿਲੀ ਵਾਰ ਮਹਿਜ 21 ਸਾਲ ਦੀ ਉਮਰ ਵਿੱਚ ਹਵਾਈ ਹਾਊਸ ਆਫ਼ ਰਿਪ੍ਰਜ਼ੈਂਟੇਟਿਵ (ਪ੍ਰਤੀਨਿਧੀ ਸਭਾ) ਲਈ ਚੁਣੀ ਗਈ ਸੀ। ਉਹ 2013 ਤੋਂ 2021 ਤੱਕ ਹਵਾਈ ਦੇ ਦੂਜੇ ਜ਼ਿਲ੍ਹੇ ਦੀ ਕਾਂਗਰਸ ਮੈਂਬਰ ਰਹੀ ਹੈ। ਉਹ ਅਮਰੀਕੀ ਕਾਂਗਰਸ ਦੀ ਪਹਿਲੀ ਹਿੰਦੂ ਮੈਂਬਰ ਹੈ, ਜੋ ਚਾਰ ਵਾਰ ਵਿਮੈਨ ਕਾਂਗਰਸ ਰਹੀ ਹੈ। ਤੁਲਸੀ ਗਵਾਰਡ ਦਾ ਜਨਮ ਅਮਰੀਕੀ ਸਮੋਆ ਵਿੱਚ ਹੋਇਆ ਸੀ। ਉਸਦਾ ਪਾਲਣ ਪੋਸ਼ਣ ਹਵਾਈ ਵਿੱਚ ਹੋਇਆ ਪ੍ਰੰਤੂ ਉਸਨੇ ਆਪਣਾ ਬਚਪਨ ਫਿਲਪੀਨ ਵਿੱਚ ਬਿਤਾਇਆ। ਉਹ ਪਹਿਲਾਂ ਡੈਮੋਕਰੈਟਿਕ ਪਾਰਟੀ ਵਿੱਚ ਕੰਮ ਕਰਦੀ ਸੀ। ਉਸਨੇ 2020 ਵਿੱਚ ਅਮਰੀਕੀ ਰਾਸ਼ਟਰਪਤੀ ਦੀ ਚੋਣ ਲਈ ਨਾਮਜ਼ਦਗੀ ਦਾਖ਼ਲ ਕੀਤੀ ਸੀ ਪ੍ਰੰਤੂ ਫਿਰ ਉਹ ਜੋ ਬਾਇਡਨ ਦੇ ਹੱਕ ਵਿੱਚ ਵਿਦਡਰਾਅ ਕਰ ਗਈ ਸੀ। ਪਿਛਲੇ ਸਾਲ ਉਸਨੇ ਡੈਮੋਕਰੈਟਿਕ ਪਾਰਟੀ ਤੋਂ ਅਸਤੀਫ਼ਾ ਦੇ ਕੇ ਰਿਪਬਲਿਕਨ ਪਾਰਟੀ ਜਾਇਨ ਕਰ ਲਈ ਸੀ। ਤੁਲਸੀ ਗਵਾਰਡ ਭਗਵਦ ਗੀਤਾ ਨੂੰ ਆਪਣਾ ਅਧਿਆਤਮਿਕ ਮਾਰਗ ਦਰਸ਼ਕ ਮੰਨਦੀ ਹੈ। ਉਸਨੇ 2013 ਵਿੱਚ ਭਗਵਦ ਗੀਤਾ ਗ੍ਰੰਥ 'ਤੇ ਹੱਥ ਰੱਖਕੇ ਸਹੁੰ ਚੁੱਕੀ ਸੀ ਤੇ 2014 ਵਿੱਚ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਦੋਂ ਉਹ ਅਮਰੀਕਾ ਦੇ ਦੌਰੇ 'ਤੇ ਗਏ ਸਨ, ਉਨ੍ਹਾਂ ਨੂੰ ਭਗਵਦ ਗੀਤਾ ਭੇਂਟ ਕੀਤੀ ਸੀ।

ਡਾ.ਜੈ (ਜਯੰਤ) ਭੱਟਾਚਾਰੀਆ ਭਾਰਤੀ ਮੂਲ ਦੇ ਅਮਰੀਕੀ ਵਿਗਿਆਨੀ ਨੂੰ ਦੇਸ਼ ਦੀ ਚੋਟੀ ਦੀ ਸੰਸਥਾ ਦਾ ਡਾਇਰੈਕਟਰ ਨੈਸ਼ਨਲ ਇਨਸਟੀਚਿਊਟ ਆਫ਼ ਹੈਲਥ ਨਿਯੁਕਤ ਕੀਤਾ ਹੈ। ਜੈ ਭੱਟਾਚਾਰੀਆਂ ਇੱਕ ਮੰਨੇ ਪ੍ਰਮੰਨੇ ਵਿਗਿਆਨੀ ਹਨ, ਉਨ੍ਹਾਂ ਨੇ ਕਰੋਨਾ ਕਾਲ ਵਿੱਚ ਮਹੱਤਵਪੂਰਨ ਕੰਮ ਕੀਤਾ ਸੀ। ਉਹ ਅਮਰੀਕਾ ਦੀ ਕੋਵਿਡ ਪਾਲਿਸੀ ਦਾ ਕਰਿਟਿਕ ਰਿਹਾ ਹੈ। ਜੈ ਭੱਟਾਚਾਰੀਆ ਨੈਸ਼ਨਲ ਬਿਓਰੋ ਆਫ਼ ਇਕਨਾਮਿਕਸ ਰਿਸਰਚ ਐਂਡ ਐਨ ਇਨਸਟੀਚਿਊਟ ਆਫ਼ ਹੈਲਥ ਕੈਪੀਟੋਲ ਦਾ ਪ੍ਰੋਫ਼ੈਸਰ ਅਤੇ ਰਿਸਰਚ ਐਸੋਸੀਏਟ ਰਿਹਾ ਹੈ। ਉਹ ਪ੍ਰਾਇਮਰੀ ਯੂ.ਐਸ.ਪਬਲਿਕ ਫ਼ੰਡ ਮੈਡੀਕਲ ਰਿਸਰਚ ਲਈ 47.3 ਬਿਲੀਅਨ ਬਜਟ ਵਾਲੇ ਕੰਮ ਦੀ ਸੁਪਰਵੀਜਨ ਕਰਨਗੇ। ਇਸ ਸੰਸਥਾ ਦੀਆਂ 27 ਇਨਸਟੀਚਿਊਟ ਹਨ। ਉਨ੍ਹਾਂ ਆਰਟਸ ਵਿੱਚ ਬੀ.ਏ.ਆਨਰਜ਼ ਤੇ ਐਮ.ਏ ਪਾਸ ਕੀਤੀਆਂ, ਫਿਰ 1997 ਵਿੱਚ ਸਟੈਂਨਫ਼ੋਰਡ ਯੂਨੀਵਰਸਿਟੀ ਦੇ ਸਕੂਲ ਆਫ਼ ਮੈਡੀਸਨ ਤੋਂ ਡਿਗਰੀ ਕੀਤੀ। 2000 ਵਿੱਚ ਇਕਨਾਮਿਕਸ ਵਿੱਚ ਡਾਕਟਰੇਟ ਕੀਤੀ ਸੀ। ਜਯੰਤ ਭੱਟਾਚਾਰੀਆ ਦਾ ਜਨਮ 1968 ਵਿੱਚ ਕਲਕੱਤਾ ਵਿਖੇ ਹੋਇਆ। ਉਸਨੇ ਮੁੱਢਲੀ ਪੜ੍ਹਾਈ ਕਲਕੱਤਾ ਵਿੱਚੋਂ ਪ੍ਰਾਪਤ ਕੀਤੀ। ਉਸਨੇ ਆਪਣਾ ਕੈਰੀਅਰ 1998 ਵਿੱਚ ਆਰਥ ਸ਼ਾਸਤਰੀ ਦੇ ਤੌਰ ਤੇ ਸ਼ੁਰੂ ਕੀਤਾ। ਉਹ 2006 ਤੋਂ 2008 ਤੱਕ ਰਿਸਰਚ ਫ਼ੈਲੋ ਰਹੇ।

ਡੋਨਾਲਡ ਟਰੰਪ ਫੈਡਰਲ ਸਰਕਾਰ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਲਈ ਚਿੰਤਾਤੁਰ ਹਨ। ਇਸ ਲਈ ਉਨ੍ਹਾਂ ਨੇ ਵਿਵੇਕ ਰਾਮਾ ਸਵਾਮੀ ਨੂੰ ਗਵਰਨਮੈਂਟ ਐਫ਼ੀਸ਼ੈਂਸੀ, ਸਰਕਾਰੀ ਖ਼ਰਚੇ ਘਟਾਉਣ ਵਾਲਾ (ਰੀਕਨਸਟਰਕਸ਼ਨ ਆਫ਼ ਫ਼ੈਡਰਲ ਏਜੰਸੀਜ਼) ਮਹੱਤਪੂਰਨ ਵਿਭਾਗ ਦਾ ਕੰਮ ਸੌਂਪਿਆ ਹੈ। ਉਹ ਐਲਨ ਮਸਕ ਦੇ ਨਾਲ ਕੰਮ ਕਰਨਗੇ। 39 ਸਾਲਾ ਵਿਵੇਕ ਰਾਮਾ ਸਵਾਮੀ ਅਮਰੀਕਾ ਦਾ ਵੱਡਾ ਉਦਮੀ ਹੈ, ਜਿਹੜਾ ਅਮਰੀਕਾ ਦੇ 2024 ਦੀ 100 ਅਮੀਰ ਵਿਅਕਤੀਆਂ ਦੀ ਸੂਚੀ ਵਿੱਚ ਸ਼ਾਮਲ ਹੈ। ਉਸਨੇ 2014 ਵਿੱਚ 'ਰੋਇਵਾਂਟ ਸਾਇੰਸਜ਼ ਲਿਮਟਿਡ' ਮਲਟੀਨੈਸ਼ਨਲ ਹੈਲਥ ਕੇਅਰ ਕੰਪਨੀ ਬਣਾਈ ਸੀ। ਇਸ ਕੰਪਨੀ ਦਾ ਮੁੱਖ ਦਫ਼ਤਰ ਨਿਊਯਾਰਕ ਵਿੱਚ ਹੈ। ਇਸ ਖੇਤਰ ਦਾ ਉਹ ਵੱਡਾ ਕਾਰੋਬਾਰੀ ਹੈ। ਉਸਦਾ ਸਮੁੱਚਾ ਬਾਇਓਟੈਕ ਅਤੇ ਵਿਤੀ ਕਾਰੋਬਾਰ 960 ਮਿਲੀਅਨ ਦਾ ਹੈ। ਇਸ ਲਈ ਡੋਨਾਲਡ ਟਰੰਪ ਨੇ ਉਸਦੀ ਕਾਬਲੀਅਤ ਦਾ ਲਾਭ ਉਠਾਉਣ ਲਈ ਇਹ ਜ਼ਿੰਮੇਵਾਰੀ ਦਿੱਤੀ ਹੈ। ਫ਼ੈਡਰਲ ਸਰਕਾਰ ਦੀ ਆਰਥਿਕ ਹਾਲਤ ਮਜ਼ਬੂਤ ਕਰਨ ਦੀ ਜ਼ਿੰਮੇਵਾਰੀ ਵਿਵੇਕ ਰਾਮਾਸਵਾਮੀ ਨੇ ਸਵੈ-ਇੱਛਾ ਨਾਲ ਲਈ ਹੈ। ਫਰਵਰੀ 2023 ਵਿੱਚ ਉਸਨੇ 2024 ਦੀ ਰਾਸ਼ਟਰਪਤੀ ਚੋਣ ਲਈ ਨਾਮਜ਼ਦਗੀ ਦਾਖਲ ਕੀਤੀ ਸੀ, ਪ੍ਰੰਤੂ ਜਨਵਰੀ 2024 ਵਿੱਚ ਵਿਦਡਰਾਅ ਕਰ ਗਿਆ ਸੀ। ਉਹ ਹਾਰਵਰਡ ਯੂਨੀਵਰਸਿਟੀ ਦੀ ਪੋਲੀਟੀਕਲ ਯੂਨੀਅਨ ਦਾ ਪ੍ਰਧਾਨ ਵੀ ਰਿਹਾ ਹੈ। ਵਿਵੇਕ ਰਾਮਾ ਸਵਾਮੀ ਦਾ ਜਨਮ 9 ਅਗਸਤ 1985 ਨੂੰ ਭਾਰਤੀ ਇਮੀਗਰੈਂਟਸ ਮਾਪਿਆਂ ਮਾਤਾ ਗੀਥਾ ਰਾਮਾ ਸਵਾਮੀ ਅਤੇ ਪਿਤਾ ਵੀ.ਜੀ.ਰਾਮਾ ਸਵਾਮੀ ਦੇ ਘਰ ਹੋਇਆ। ਉਸਦਾ ਪਰਿਵਾਰ ਕੇਰਲਾ ਰਾਜ ਦੇ ਤਾਮਿਲ ਸਾਈਕਿੰਗ ਬ੍ਰਾਹਮਣ ਪਰਿਵਾਰ ਨਾਲ ਸੰਬੰਧ ਰੱਖਦਾ ਹੈ। ਉਹ ਹਾਰਡਰਡ ਯੂਨੀਵਰਸਿਟੀ ਵਿੱਚ ਪੜ੍ਹਿਆ ਹੈ। ਵਿਵੇਕ ਰਾਮਾ ਸਵਾਮੀ ਨੇ ਬੀ.ਏ.ਬਾਇਆਲੋਜੀ ਵਿਸ਼ੇ ਵਿੱਚ ਅਤੇ ਲਾਅ ਯੇਲ ਯੂਨੀਵਰਸਿਟੀ ਤੋਂ ਪਾਸ ਕੀਤੀ। ਉਸਦਾ ਵਿਆਹ ਅਪੂਰਵਾ.ਟੀ.ਰਾਮਾਸਵਾਮੀ ਨਾਲ ਹੋਇਆ। ਇਸ ਸਮੇਂ ਉਹ ਓਹੀਓ ਰਾਜ ਦੇ ਸਿਨਸਿਨਾਟੀ ਸ਼ਹਿਰ ਵਿੱਚ ਰਹਿੰਦੇ ਹਨ।


ਇਸੇ ਤਰ੍ਹਾਂ ਭਾਰਤੀ ਮੂਲ ਦੇ ਅਮਰੀਕੀ ਸ੍ਰੀ ਰਾਮ ਕ੍ਰਿਸ਼ਨਨ ਨੂੰ ਆਰਟੀਫ਼ੀਸ਼ੀਅਲ ਇਨਟੈਲੀਜੈਂਸ ਬਾਰੇ ਵਾਈਟ ਹਾਊਸ ਦਾ ਸੀਨੀਅਰ ਨੀਤੀ ਸਲਾਹਕਾਰ ਨਿਯੁਕਤ ਕੀਤਾ ਹੈ। ਉਹ ਵਾਈਟ ਹਾਊਸ ਆਫਿਸ ਆਫ਼ ਸਾਇੰਸ ਐਂਡ ਟੈਕਨਾਲੋਜੀ ਪਾਲਿਸੀ ਵਿੱਚ ਆਫ਼ੀਸ਼ੀਅਲ ਇਨਟੈਲੀਜੈਂਸ ਲਈ ਸੀਨੀਅਰ ਨੀਤੀ ਸਲਾਹਕਾਰ ਵਜੋਂ ਜੋ ਡੇਵਿਡ.ਓ .ਸਾਕਸ ਨਾਲ ਕੰਮ ਕਰਨਗੇ। ਉਹ ਪੌਡਕਾਸਟਰ, ਲੇਖਕ ਅਤੇ ਪ੍ਰੋਡਕਟ ਮੈਨੇਜਰ ਵੀ ਰਹੇ ਹਨ। ਉਹ ਪਹਿਲਾਂ ਮਾਈਕ੍ਰੋਸਾਫਟ, ਟਵਿਟਰ, ਯਾਹੂ, ਫੇਸ ਬੁੱਕ ਤੇ ਸਨੈਪ ਉਤਪਾਦ ਟੀਮਾਂ ਦੀ ਅਗਵਾਈ ਕਰ ਚੁੱਕੇ ਹਨ। ਸ੍ਰੀ ਰਾਮ ਕ੍ਰਿਸ਼ਨਨ ਆਦਰੇਸੇਨ ਹੋਰੋਵਿਟਜ਼ ਕੰਪਨੀ ਵਿੱਚ 2021 ਵਿੱਚ ਸ਼ਾਮਲ ਹੋਏ। ਉਸ ਨੇ ਆਪਣੀ ਪਤਨੀ ਆਰਤੀ ਰਾਮ ਮੂਰਥੀ ਨਾਲ ਰਲਕੇ 'ਕਲੱਬ ਟਾਕ ਸ਼ੋ' ਸ਼ੁਰੂ ਕੀਤਾ ਸੀ, ਜਿਹੜਾ ਬਹੁਤ ਹੀ ਹਰਮਨ ਪਿਆਰਾ ਬਣ ਗਿਆ। ਸਾਲ 2023 ਵਿੱਚ ਉਸਨੂੰ ਕੰਪਨੀ ਦੇ ਲੰਦਨ ਦਫ਼ਤਰ ਦਾ ਇਨਚਾਰਜ ਲਗਾਇਆ ਗਿਆ। ਉਹ ਸਾਫ਼ਟਵੇਅਰ ਇੰਜਿਨੀਅਰ ਹਨ ਅਤੇ ਸਿਲੀਕੋਨ ਵੈਲੀ ਵਿੱਚ ਜਾਣਿਆਂ ਪਛਾਣਿਆਂ ਨਾਮ ਹੈ।

ਉਸਦਾ 1984 ਵਿੱਚ ਚਨਈ ਤਾਮਿਲਨਾਡੂ ਵਿੱਚ ਜਨਮ ਹੋਇਆ। ਉਹ ਮਧ ਵਰਗ ਦੇ ਪਰਿਵਾਰ ਵਿੱਚੋਂ ਹੈ। ਉਸਨੇ 1990 ਵਿੱਚ ਆਪਣੇ ਪਿਤਾ ਨੂੰ ਕੰਪਿਊਟਰ ਖ਼੍ਰੀਦਣ ਲਈ ਮਨਾਇਆ, ਉਸ ਕੋਲ ਇੰਟਰਨੈਟ ਨਹੀਂ ਸੀ ਪ੍ਰੰਤੂ ਉਹ ਕੋਡਿੰਗ ਪੁਸਤਕਾਂ ਲੈ ਕੇ ਸਿੱਖਦਾ ਰਿਹਾ। ਇਥੇ ਹੀ ਉਸਦਾ ਆਰਤੀ ਨਾਲ ਮੇਲ ਹੋਇਆ, ਜੋ ਵਿਆਹ ਵਿੱਚ ਬਦਲ ਗਿਆ। ਉਸਨੇ 2001 ਤੋਂ 2005 ਤੱਕ ਐਸ.ਆਰ.ਐਮ.ਯੂਨੀਵਰਸਿਟੀ ਤੋਂ ਬੀ.ਟੈਕ ਦੀ ਡਿਗਰੀ ਕੀਤੀ ਤੇ ਫਿਰ ਅਮਰੀਕਾ ਆ ਗਿਆ। 2007 ਵਿੱਚ ਉਸਨੇ ਆਪਣਾ ਕੈਰੀਅਰ ਮਾਈਕਰੋਸਾਫਟ ਵਿੱਚ ਬਤੌਰ ਪ੍ਰੋਗਰਾਮ ਮੈਨੇਜਰ ਵਿਸ਼ਾਲ ਸਟੂਡੀਓ ਤੋਂ ਸ਼ੁਰੂ ਕਰਕੇ ਇੰਟਰਨੈਟ ਨੂੰ ਆਪਣਾ ਕੈਰੀਅਰ ਬਣਾਇਆ। ਫਰਵਰੀ 2021 ਵਿੱਚ ਉਹ ਅਮਰੀਕਨ ਵੈਂਚਰ ਕੈਪੀਟਲ ਫਰਮ 'ਐਂਡਰਸਨ ਹੋਰਵਿਟਜ' ਵਿੱਚ ਜਨਰਲ ਪਾਟਨਰ ਨਿਯੁਕਤ ਹੋ ਗਿਆ। ਉਹ ਆਪਣੀ ਪਤਨੀ ਆਰਤੀ ਰਾਮਮੂਰਥੀ ਨਾਲ ਕੰਮ ਕਰ ਰਿਹਾ ਹੈ। ਉਨ੍ਹਾਂ ਨੇ 'ਦਾ ਆਰਤੀ ਤੇ ਸ੍ਰੀਰਾਮ ਸ਼ੋਅ 'ਦੀ ਮੇਜ਼ਬਾਨੀ ਕੀਤੀ।

ਹਰਮੀਤ ਕੌਰ ਢਿਲੋਂ ਨੂੰ ਨਿਆਂ ਵਿਭਾਗ ਵਿੱਚ ਸਿਵਲ ਰਾਈਟਸ ਲਈ ਸਹਾਇਕ ਅਟਾਰਨੀ ਜਨਰਲ ਨਿਯੁਕਤ ਕੀਤਾ ਗਿਆ ਹੈ। ਹਰਮੀਤ ਕੌਰ ਢਿਲੋਂ ਪੰਜਾਬਣ/ਜੱਟ ਸਿੱਖ ਭਾਈਚਾਰੇ ਨਾਲ ਸੰਬੰਧ ਰੱਖਦੀ ਹੈ। ਜੁਲਾਈ 2024 ਵਿੱਚ ਜਦੋਂ ਡੋਨਾਲਡ ਟਰੰਪ 'ਤੇ ਇੱਕ ਚੋਣ ਜਲਸੇ ਵਿੱਚ ਹਮਲਾ ਹੋਇਆ ਸੀ, ਉਸ ਤੋਂ ਬਾਅਦ ਹਰਮੀਤ ਕੌਰ ਢਿਲੋਂ ਨੇ ਇੱਕ ਹੋਰ ਜਲਸੇ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਸਿੱਖ ਪਰੰਪਰਾਵਾਂ ਅਨੁਸਾਰ ਉਸਦੀ ਸਿਹਤਯਾਬੀ, ਜਿੱਤ ਅਤੇ ਚੜ੍ਹਦੀ ਕਲਾ ਲਈ ਅਰਦਾਸ ਕੀਤੀ ਸੀ। ਉਸਨੇ ਆਪਣਾ ਕੈਰੀਅਰ ਸੰਵਿਧਾਨਿਕ ਅਹੁਦਿਆਂ ਤੋਂ ਸ਼ੁਰੂ ਕੀਤਾ ਸੀ। ਉਹ ਡੋਨਾਲਡ ਟਰੰਪ ਲਈ ਕਾਨੂੰਨੀ ਵੋਟਾਂ ਦੀ ਗਿਣਤੀ ਨੂੰ ਯਕੀਨੀ ਬਣਾਉਣ ਲਈ ਲੜ ਰਹੀ ਸੀ। ਉਹ ਵਰਜੀਨੀਆ ਸਟੇਟ ਦੇ ਡਾਰਮਾਊਥ ਕਾਲਜ ਅਤੇ ਲਾਅ ਸਕੂਲ ਯੂਨੀਵਰਸਿਟੀ ਦੀ ਗ੍ਰੈਜੂਏਟ ਹੈ। ਉਹ ਯੂ.ਐਸ.ਫੋਰਥ ਸਰਕਟ ਕੋਰਟ ਆਫ਼ ਅਪੀਲਜ਼ ਵਿੱਚ ਕਲਰਕ ਰਹੀ ਹੈ। ਉਹ ਰਿਪਬਲਿਕਨ ਪਾਰਟੀ ਦੀ ਪ੍ਰਧਾਨਗੀ ਦੀ ਚੋਣ ਵੀ ਲੜੀ ਪ੍ਰੰਤੂ ਅਸਫਲ ਰਹੀ ਸੀ। ਉਹ ਸਿਵਲ ਰਾਈਟਸ ਕਾਰਕੁਨ ਅਤੇ ਫਰੀ ਸਪੀਚ ਦੀ ਆਜ਼ਾਦੀ ਦੀ ਸਪੋਰਟਰ ਹੈ। ਕੋਵਿਡ ਦੌਰਾਨ ਇਸਾਈਆਂ ਦੀਆਂ ਪ੍ਰੇਅਰ ਮੀਟਿੰਗਾਂ ਤੇ ਲਗਾਈਆਂ ਪਾਬੰਦੀਆਂ ਵਿਰੁਧ ਉਨ੍ਹਾਂ ਦੀ ਵਕੀਲ ਸੀ। ਉਹ 'ਢਿਲੋਂ ਲਾਅ ਗਰੁਪ' ਦੀ ਇੱਕ ਸੰਸਥਾਪਕ ਅਤੇ ਸੀਨੀਅਰ ਪਾਰਟਨਰ ਹੈ।

ਹਰਮੀਤ ਕੌਰ ਦਾ ਜਨਮ 2 ਅਪ੍ਰੈਲ 1969 ਨੂੰ ਪਿਤਾ ਤੇਜਪਾਲ ਸਿੰਘ ਦੇ ਘਰ ਚੰਡੀਗੜ੍ਹ ਵਿੱਚ ਹੋਇਆ ਸੀ। ਉਸਦਾ ਪਰਿਵਾਰ ਧਾਰਮਿਕ ਖਿਆਲਾਂ ਵਾਲਾ ਸੀ ਤੇ ਉਹ ਕੀਰਤਨ ਕਰਨ ਜਾਣਦੀ ਹੈ। ਉਸਦਾ ਵਿਆਹ ਸਰਵਜੀਤ ਸਿੰਘ ਨਾਲ ਰੰਧਾਵਾ ਨਾਲ ਹੋਇਆ ਸੀ, ਜੋ ਸਵਰਗਵਾਸ ਹੋ ਚੁੱਕੇ ਹਨ।

## ਸਮਕਾਲੀ ਯਥਾਰਥ ਦਾ ਸਟੀਕ ਤਬਸਰਾ




ਰਵਿੰਦਰ ਸਿੰਘ ਸੋਢੀ ਇੱਕ ਪ੍ਰੌਢ ਲੇਖਕ ਹੈ। ਉਹਨੇ ਪੰਜਾਬੀ ਸਾਹਿਤ ਦੀਆਂ ਵਿਭਿੰਨ ਵੰਨਗੀਆਂ ਵਿੱਚ ਸਾਹਿਤ ਰਚਨਾ ਕੀਤੀ ਹੈ, ਜਿਸ ਵਿੱਚ ਆਲੋਚਨਾ, ਨਾਟਕ, ਖੋਜਕਾਰਜ, ਕਵਿਤਾ, ਅਨੁਵਾਦ, ਕਹਾਣੀ, ਬਾਲ ਸਾਹਿਤ ਅਤੇ ਸੰਪਾਦਨ ਆਦਿ ਸ਼ਾਮਲ ਹੈ। ਲੰਮਾ ਸਮਾਂ ਉਹਨੇ ਪੀਪੀਐੱਸ ਨਾਭਾ ਵਿਖੇ ਅਧਿਆਪਨ ਕਰਦਿਆਂ ਨਾਟਕ ਲੇਖਨ ਵਿੱਚ ਨਿੱਗਰ ਕਾਰਜ ਕੀਤਾ, ਜਿਸ ਲਈ ਉਹਨੂੰ ਭਾਸ਼ਾ ਵਿਭਾਗ ਪੰਜਾਬ ਵੱਲੋਂ ਪੁਰਸਕ੍ਰਿਤ ਵੀ ਕੀਤਾ ਗਿਆ। ਹੁਣ ਪਰਵਾਸੀ ਜ਼ਿੰਦਗੀ (ਕੈਨੇਡਾ) ਬਤੀਤ ਕਰਦਿਆਂ ਵੀ ਉਹ ਨਿਸ਼ਕ੍ਰਿਅ ਹੋ ਕੇ ਨਹੀਂ ਬੈਠਾ, ਸਗੋਂ ਪਰਵਾਸੀ ਲੇਖਕਾਂ ਦੀਆਂ ਰਚਨਾਵਾਂ ਦਾ ਸੁਚੱਜਾ ਸੰਪਾਦਨ ਕਰਨ ਦੇ ਨਾਲ ਨਾਲ ਆਪਣੀਆਂ ਮੌਲਿਕ ਲਿਖਤਾਂ ਵੀ ਪੰਜਾਬੀ ਪਾਠਕਾਂ ਦੇ ਰੂਬਰੂ ਕਰ ਰਿਹਾ ਹੈ। ਕੁਝ ਸਮਾਂ ਪਹਿਲਾਂ ਪਰਵਾਸੀ ਜੀਵਨ ਦੇ ਤਕਾਜ਼ਿਆਂ ਨੂੰ ਉਹਨੇ ਆਪਣੇ ਕਥਾ ਸੰਗ੍ਰਹਿ 'ਹੱਥਾਂ ਚੋਂ ਕਿਰਦੀ ਰੇਤ' ਵਿੱਚ ਪ੍ਰਸਤੁਤ ਕੀਤਾ, ਜਿਸਦਾ ਕੇਵਲ ਪੰਜਾਬੀ ਹੀ ਨਹੀਂ, ਸਗੋਂ ਹਿੰਦੀ ਤੇ ਅੰਗਰੇਜ਼ੀ ਪਾਠਕਾਂ ਨੇ ਵੀ ਜ਼ੋਰਦਾਰ ਸਵਾਗਤ ਕੀਤਾ ਹੈ।

ਪਿਛਲੇ ਦਿਨੀਂ ਉਹਦਾ ਨਵਾਂ ਕਾਵਿ ਸੰਗ੍ਰਹਿ 'ਰਾਵਣ ਹੀ ਰਾਵਣ' (ਜੇਪੀ ਪਬਲੀਕੇਸ਼ਨ ਪਟਿਆਲਾ, ਪੰਨੇ 80, ਮੁੱਲ 130/-) ਪ੍ਰਕਾਸ਼ਿਤ ਹੋਇਆ ਹੈ, ਜਿਸ ਵਿੱਚ ਪ੍ਰਾਕਥਨ ਤੋਂ ਇਲਾਵਾ 43 ਕਾਵਿ ਵੰਨਗੀਆਂ ਹਨ। ਇਨ੍ਹਾਂ ਵੰਨਗੀਆਂ ਵਿੱਚ 19 ਕਵਿਤਾਵਾਂ, 18 ਗ਼ਜ਼ਲਾਂ ਅਤੇ 6 ਗੀਤ ਸ਼ਾਮਲ ਹਨ। ਮੈਨੂੰ ਯਾਦ ਆਉਂਦਾ ਹੈ ਕਿ ਪੰਜਾਬੀ ਦੇ ਕਈ ਸਥਾਪਤ ਕਵੀਆਂ (ਪ੍ਰੋ. ਮੋਹਨ ਸਿੰਘ ਆਦਿ) ਨੇ ਵੀ ਆਪਣੇ ਕਾਵਿ ਸੰਗ੍ਰਹਿਆਂ ਵਿੱਚ ਇਹ ਤਿੰਨੇ ਵੰਨਗੀਆਂ ਸ਼ਾਮਲ ਕੀਤੀਆਂ ਸਨ।

ਇਹ ਸਾਰੀਆਂ ਕਾਵਿ ਰਚਨਾਵਾਂ ਸਮਕਾਲੀ ਯਥਾਰਥ ਦੀ ਬਾਰੀਕਬੀਨੀ ਨਾਲ ਚੀਰਫਾੜ ਕਰਦੀਆਂ ਹਨ। ਇੱਕ ਚੰਗਾ ਲੇਖਕ ਉਹੀ ਹੁੰਦਾ ਹੈ ਜੋ ਯਥਾਰਥ ਦੀਆਂ ਕਰੂਰ ਹਕੀਕਤਾਂ ਨੂੰ ਪਾਠਕਾਂ ਦੇ ਰੂਬਰੂ ਕਰੇ, ਨਾ ਕਿ ਕਲਪਨਾ, ਜਜ਼ਬਿਆਂ, ਵਲਵਲਿਆਂ ਦੀ ਦੁਨੀਆਂ ਵਿੱਚ ਹੀ ਤਾਰੀਆਂ ਲਾਉਂਦਾ ਰਹੇ। ਇਸ ਪ੍ਰਥਾਇ ਸੋਢੀ ਦਾ ਇਹ ਵਿਚਾਰ ਅਧੀਨ ਕਾਵਿ ਸੰਗ੍ਰਹਿ ਮੇਰੇ ਇਸ ਕਥਨ ਦੀ ਪੁਸ਼ਟੀ ਕਰਦਾ ਹੈ।

ਸੰਗ੍ਰਹਿ ਦੀਆਂ ਸਾਰੀਆਂ ਲਿਖਤਾਂ ਸਮਕਾਲੀ ਸਮੇਂ ਦੇ ਸੱਚ ਨੂੰ ਬਿਆਨ ਕਰਦਿਆਂ ਵਿਅੰਗ ਦੀ ਤੇਜ਼ ਧਾਰ ਦੀ ਵੀ ਵਰਤੋਂ ਕਰਦੀਆਂ ਹਨ। 'ਕੈਦ ਕਰੋ' ਕਵਿਤਾ ਵਿੱਚ ਕਵੀ ਨੇ ਪ੍ਰਕਿਰਤੀ, ਪ੍ਰਾਕਿਤਕ ਦ੍ਰਿਸ਼ਾਂ ਵੱਲੋਂ ਲਈ ਜਾਂਦੀ ਖੁੱਲ੍ਹ/ਆਜ਼ਾਦੀ ਦੇ ਨਾਲ ਨਾਲ ਬੇਰੁਜ਼ਗਾਰਾਂ, ਲੇਖਕਾਂ ਵੱਲੋਂ ਮੰਗੇ ਜਾਂਦੇ ਹੱਕਾਂ ਉੱਤੇ ਸਰਕਾਰ/ਹਕੂਮਤ/ਹੁਕਮਰਾਨਾਂ ਵੱਲੋਂ ਲਾਈਆਂ ਬੰਦਿਸ਼ਾਂ ਦਾ ਪਰਦਾਫ਼ਾਸ਼ ਕੀਤਾ ਹੈ:

ਵਰਲਡ ਪੰਜਾਬੀ ਟਾਈਮਜ਼
ਪ੍ਰੋ. ਨਵ ਸੰਗੀਤ ਸਿੰਘ

ਉਹ ਕਿਹੜੇ ਨੇ ਕਲਮਾਂ ਵਾਲੇ, ਜੋ ਸਾਡੇ ਤੇ ਤਨਜ਼ਾਂ ਕੱਸਦੇ
ਉਹ ਕਿਹੜੇ ਨੇ ਗੁਸਤਾਖ਼ ਲੋਕ, ਜੋ ਸਾਡੀ ਹਰ ਗੱਲ ਤੇ ਹੱਸਦੇ
ਇਹ ਕਲਮਾਂ ਵਾਲੇ ਕੈਦ ਕਰੋ, ਇਹ ਹੱਸਣ ਵਾਲੇ ਕੈਦ ਕਰੋ
ਕੈਦ ਕਰੋ, ਕੈਦ ਕਰੋ। (10)

ਸੰਗ੍ਰਹਿ ਦੀ ਸ਼ੀਰਸ਼ਕ ਕਵਿਤਾ 'ਰਾਵਣ ਹੀ ਰਾਵਣ' ਵਿੱਚ ਰਾਜਸੀ ਨੇਤਾਵਾਂ, ਮਿਲਾਵਟੀ ਲੋਕਾਂ, ਥਾਣਿਆਂ, ਕਚਹਿਰੀਆਂ, ਸਕੂਲਾਂ ਵਿੱਚ ਨਕਲਾਂ ਮਰਵਾਉਣ, ਨਿੱਜੀ ਸਕੂਲਾਂ ਵਿੱਚ ਫੀਸਾਂ-ਕਿਤਾਬਾਂ-ਵਰਦੀਆਂ, ਨਸ਼ਿਆਂ ਦੇ ਕਾਰੋਬਾਰੀਆਂ, ਬਲਾਤਕਾਰੀਆਂ, ਵਿਦੇਸ਼ ਦੀ ਅੰਨ੍ਹੀ ਦੌੜ, ਦੰਗਈਆਂ ਨੂੰ ਬੇਨਕਾਬ ਕੀਤਾ ਗਿਆ ਹੈ:

ਵਿਦੇਸ਼ਾਂ ਵਿੱਚ ਵੀ
ਕੁਝ ਦੇਸੀ ਰਾਵਣ ਵਿਚਰ ਰਹੇ
ਜੋ
ਮਜਬੂਰ ਵਿਦਿਆਰਥੀਆਂ ਦੇ ਕੰਮ ਦੇ
ਪੈਸੇ ਮਾਰ
ਕੁੜੀਆਂ ਨੂੰ
ਹਵਸ ਦਾ ਸ਼ਿਕਾਰ ਬਣਾ
ਮੁੰਡਿਆਂ ਨੂੰ ਨਸ਼ੇ ਵੇਚਣ ਦੇ ਰਾਹ ਪਾ
ਆਪਣੀ ਸੋਨ ਲੰਕਾ ਨੂੰ
ਹੋਰ ਰਹੇ ਚਮਕਾ
ਉਹਨਾਂ ਲਈ ਵੀ
ਕਿਸੇ ਅਗਨ ਬਾਣ ਦਾ
ਪ੍ਰਬੰਧ ਕਰੋ। (17)

'ਅੱਜ ਦੇ ਡਾਇਨਾਸੋਰ' ਦਾ ਵਿਸ਼ਾ-ਵਸਤੂ ਅਜਿਹੇ ਹੁਕਮਰਾਨਾਂ ਤੇ ਵਿਅੰਗ ਹੈ, ਜੋ ਦੁਨੀਆਂ ਨੂੰ ਜੰਗ ਦਾ ਅਖਾੜਾ ਬਣਾਉਣ ਲਈ ਤਰ੍ਹਾਂ ਤਰ੍ਹਾਂ ਦੀਆਂ ਅੱਗਾਂ ਲਾ ਰਹੇ ਹਨ। ਸਿਰਫ਼ ਇਸਲਈ ਕਿ ਉਨ੍ਹਾਂ ਦੀ ਚੌਧਰ ਬਣੀ ਰਹੇ, ਕੁਰਸੀ ਬਚੀ ਰਹੇ। ਕਵੀ ਦੀ ਤੀਬਰ ਇੱਛਾ ਹੈ ਕਿ ਇਨ੍ਹਾਂ ਡਾਇਨਾਸੋਰਾਂ ਤੇ ਛੇਤੀ ਤੋਂ ਛੇਤੀ ਸ਼ਿਕੰਜਾ ਕੱਸਿਆ ਜਾਣਾ ਚਾਹੀਦਾ ਹੈ:

ਸੋਚਣ ਦਾ ਵੇਲਾ ਹੈ
ਕੁਝ ਕਰਨ ਦਾ ਵੀ
ਕਿ
ਇਹਨਾਂ ਖ਼ਤਰਨਾਕ
'ਡਾਇਨਾਸੋਰਾਂ' ਦੇ 'ਕਾਲੇ ਯੁਗ' ਨੂੰ
ਭੂਤ ਕਾਲ ਦੀ ਕਾਲ ਕੋਠੜੀ ਵਿੱਚ
ਕਦੋਂ ਦਫ਼ਨਾਇਆ ਜਾਵੇਗਾ?
ਕਦੋਂ? (22)

'ਅੱਜ ਦੇ ਬੇਦਾਵੀਏ' (41-44) ਕਵਿਤਾ ਵਿੱਚ ਕਵੀ ਨੇ ਬਹੁਤ ਸਾਰੇ ਵਿਸ਼ੇ ਛੋਹੇ ਹਨ। ਮੂਲ ਵਿਸ਼ਾ ਤਾਂ ਭਾਈ ਮਹਾਂ ਸਿੰਘ ਤੇ ਉਹਦੇ ਸਾਥੀਆਂ ਵੱਲੋਂ ਗੁਰੂ ਜੀ ਨੂੰ ਬੇਦਾਵਾ ਲਿਖ ਕੇ ਦੇਣਾ ਅਤੇ ਮਾਤਾ ਭਾਗੋ ਦੇ ਰਾਹੀਂ ਖਿਦਰਾਣੇ ਦੀ ਢਾਬ ਵਿੱਚ ਸੂਰਮਗਤੀ ਨਾਲ ਦੁਸ਼ਮਣ ਦੇ ਵਿਰੁੱਧ ਜੁਝਦੇ ਹੋਏ ਸ਼ਹੀਦੀ ਪ੍ਰਾਪਤ ਕਰਨੀ ਤੇ ਖ਼ੁਦ ਨੂੰ ਮੁਕਤ ਕਰਵਾ ਕੇ ਟੁੱਟੀ ਗੰਢਣ ਬਾਰੇ ਹੈ। ਪਰ ਇਹਦੇ ਨਾਲ ਨਾਲ ਕਵੀ ਨੇ ਮੌਜੂਦਾ ਸਿੰਘਾਂ ਦੇ ਕਾਲੇ ਕਾਰਨਾਮਿਆਂ ਦੀ ਪੋਲ ਖੋਲ੍ਹੀ ਹੈ, ਜੋ ਗੁਰੂ ਦੀ ਹਜ਼ੂਰੀ ਵਿੱਚ ਬਹਿ ਕੇ ਖ਼ੁਦ ਨੂੰ ਗੁਰੂ ਕਹਾਉਂਦੇ ਹਨ। ਗੁਰੂ ਗ੍ਰੰਥ ਸਾਹਿਬ ਦੀ ਮੌਜੂਦਗੀ ਵਿੱਚ ਇੱਕ ਦੂਜੇ ਦੀਆਂ ਪੱਗਾਂ ਲਾਹੁੰਦੇ ਹਨ, ਗੁਰਦੁਆਰਿਆਂ ਦੀ ਪ੍ਰਧਾਨਗੀ ਹਥਿਆਉਣ ਲਈ ਕਈ ਤਰ੍ਹਾਂ ਦੇ ਹੱਥਕੰਡੇ ਵਰਤਦੇ ਹਨ।

'ਸੋਚ ਦਾ ਫ਼ਰਕ' (61-63) ਵਿੱਚ ਰਾਜਸੀ ਨੇਤਾ ਅਤੇ ਆਗੂ ਵਿਚਲੇ ਫ਼ਰਕ ਨੂੰ ਬਰੀਕੀ ਨਾਲ ਸਮਝਾਇਆ ਗਿਆ ਹੈ, ਯਾਨੀ ਰਾਜਸੀ ਨੇਤਾ ਚੋਣਾਂ ਤੋਂ ਪਹਿਲਾਂ ਕਈ ਤਰ੍ਹਾਂ ਦੇ ਲਾਰੇ ਲਾਉਂਦਾ, ਚੋਣਾਂ ਜਿੱਤ ਕੇ ਸਾਰੇ ਵਾਅਦੇ ਭੁੱਲਦਾ ਹੈ, ਜਦਕਿ ਆਗੂ ਬੇਰੁਜ਼ਗਾਰੀ ਦੂਰ ਕਰਨ, ਭੁੱਖਿਆਂ ਨੂੰ ਰੋਟੀ ਦੇਣ, ਅਮੀਰ ਗਰੀਬ ਦੇ ਪਾੜੇ ਨੂੰ ਦੂਰ ਕਰਨ ਦੀ ਚਿੰਤਾ ਵਿੱਚ ਖੁੱਭਿਆ ਰਹਿੰਦਾ ਹੈ।

'ਸ਼ਹੀਦਾਂ ਦਾ ਪਰਿਵਾਰ' (64-66) ਵਿੱਚ ਦੇਸ਼ ਲਈ ਆਪਣੀ ਜਾਨ ਨਿਛਾਵਰ ਕਰਨ ਵਾਲੇ ਬਹਾਦਰ ਯੋਧਿਆਂ ਦੀ ਸ਼ਹੀਦੀ ਤੋਂ ਬਾਅਦ ਉਨ੍ਹਾਂ ਦੇ ਪਰਿਵਾਰ ਦੀ ਸਰਕਾਰੀ ਦਫ਼ਤਰਾਂ ਵਿੱਚ ਹੁੰਦੀ ਖੱਜਲ ਖੁਆਰੀ ਦਾ ਮਾਰਮਿਕ ਵਰਣਨ ਹੈ। ਜਦਕਿ ਸਰਕਾਰ ਤੇ ਰਾਜਸੀ ਨੇਤਾ ਉਨ੍ਹਾਂ ਦੀ ਸ਼ਹੀਦੀ ਤੇ ਰਾਜਸੀ ਰੋਟੀਆਂ ਸੇਕਦੇ ਹਨ ਤੇ ਅਖ਼ਬਾਰਾਂ ਵਿੱਚ ਵੱਡੇ ਵੱਡੇ ਇਸ਼ਤਿਹਾਰ ਦੇ ਕੇ ਆਪਣਾ ਹੀ ਗੁਣਗਾਨ ਕਰਦੇ ਹਨ।

'ਮਾਨਸਿਕ ਬਲਾਤਕਾਰ' (69-70) ਵਿੱਚ ਬੱਚੀਆਂ, ਕੁੜੀਆਂ ਤੇ ਔਰਤਾਂ ਨਾਲ ਹਰ ਰੋਜ਼ ਹੁੰਦੇ ਮਾਨਸਿਕ ਬਲਾਤਕਾਰਾਂ ਦੀ ਗਾਥਾ ਹੈ। ਇਹ ਸਰੀਰਕ ਬਲਾਤਕਾਰ ਨਾਲੋਂ ਕਿਸੇ ਵੀ ਤਰ੍ਹਾਂ ਘੱਟ ਨਹੀਂ। ਅਜਿਹੇ ਬਲਾਤਕਾਰ ਬਾਹਰਲਿਆਂ ਵੱਲੋਂ ਨਹੀਂ, ਸਗੋਂ ਕਈ ਵਾਰ ਆਪਣਿਆਂ ਵੱਲੋਂ ਹੀ ਕੀਤੇ ਜਾਂਦੇ ਹਨ। ਕਦੇ ਕਿਸੇ ਰਿਸ਼ਤੇਦਾਰ ਵੱਲੋਂ 'ਪਾਰੀ' ਦੀ ਆੜ ਹੇਠ, ਅਧਿਆਪਕ ਵੱਲੋਂ ਸ਼ਾਬਾਸ਼ ਦੇਣ ਦੇ ਅੰਦਾਜ਼ ਵਿੱਚ, ਸਹਿਪਾਠੀ ਵੱਲੋਂ ਕਾਪੀ ਤੇ ਗਲਤ ਸ਼ਬਦ ਲਿਖ ਕੇ, ਬੱਸ ਵਿੱਚ ਭੀੜ ਦੇ ਬਹਾਨੇ ਕੁੜੀ/ਔਰਤ ਨਾਲ ਚਿਪਕ ਕੇ, ਦਫ਼ਤਰ ਵਿੱਚ ਅਫ਼ਸਰ ਵੱਲੋਂ ਕੁੜੀਆਂ ਨਾਲ ਦੋ-ਅਰਥੀ ਵਾਰਤਾਲਾਪ ਕਰਕੇ, ਪਤੀ ਦੀ ਗੈਰਹਾਜ਼ਰੀ ਵਿੱਚ ਦੋਸਤ ਵੱਲੋਂ ਭਾਬੀ ਦੇ ਸੂਟ ਦੀ ਪ੍ਰਸ਼ੰਸਾ ਕਰਕੇ ਵੱਖ ਵੱਖ ਢੰਗਾਂ ਨਾਲ ਮਾਨਸਿਕ ਬਲਾਤਕਾਰ ਕੀਤਾ ਜਾਂਦਾ ਹੈ।

ਗ਼ਜ਼ਲਾਂ ਦੇ ਵੱਖ ਵੱਖ ਸ਼ੇਅਰਾਂ ਵਿੱਚ ਵੀ ਕਵੀ ਨੇ ਤਨਜ਼ ਤੇ ਕਟਾਖ ਨੂੰ ਪ੍ਰਮੁਖਤਾ ਨਾਲ ਪੇਸ਼ ਕੀਤਾ ਹੈ। ਇਸਦੀਆਂ ਕੁਝ ਉਦਾਹਰਣਾਂ:

ਸ਼ਰਮ ਹਯਾ ਤਾਂ ਉਡ ਹੀ ਗਈ, ਬੇਸ਼ਰਮੀ ਦਾ ਆਲਮ ਹੈ
ਮੇਲਾ ਨੰਗੇ ਜਿਸਮਾਂ ਦਾ ਹੁਣ ਸ਼ਰੇਆਮ ਹੀ ਲੱਗਦਾ ਹੈ।
(12)
ਥਾਂ ਥਾਂ ਤੇ ਸ਼ਾਹੀ ਪਕਵਾਨਾਂ ਦੇ ਲੱਗ ਰਹੇ ਲੰਗਰ
ਵੀਹ ਦਮੜਿਆਂ ਵਾਲੇ ਲੰਗਰ ਦਾ ਵੇਲਾ ਕਿਤੇ ਲੰਘ ਨਾ ਜਾਵੇ।
(26)
ਨਹਿਰਾਂ ਦੇ ਨਿਰਮਲ ਪਾਣੀ ਵਿੱਚ ਤੂੰ ਜ਼ਹਿਰ ਘੋਲਦਾ ਰਹਿੰਦਾ ਏਂ
ਇਹ ਪਾਣੀ ਪੀ ਪੀ ਮਰਦੇ ਜੋ ਕਦੇ ਉਹਨਾਂ ਵੱਲ ਵੀ ਤੱਕਿਆ ਕਰ।
(33)
ਧਰਮ ਦੀ ਹੱਟੀ ਚਲਾਉਂਦੇ ਜੋ, ਕੰਮ ਸਾਰੇ ਕਰਨ ਅਪਰਾਧੀਆਂ ਦੇ
ਵਹਿਮਾਂ ਵਿੱਚ ਪਾ ਕੇ ਲੋਕਾਂ ਨੂੰ, ਇਹ ਡੇਰਿਆਂ ਵਾਲੇ ਮਾਰ ਗਏ।
(48)

ਇਸ ਤਰ੍ਹਾਂ ਸਮੁੱਚੀ ਪੁਸਤਕ ਵਿੱਚ ਧਾਰਮਿਕ, ਰਾਜਨੀਤਿਕ, ਸਮਾਜਕ ਤੇ ਸਭਿਆਚਾਰਕ ਵਿਸ਼ਿਆਂ ਨੂੰ ਪ੍ਰਿਸ਼ਟ ਭੂਮੀ ਵਿੱਚ ਰੱਖ ਕੇ ਕਵੀ ਨੇ ਤਿੱਖਾ ਤੇ ਤੇਜ਼ ਨਸ਼ਤਰ ਚਲਾਇਆ ਹੈ। ਸਮਾਜਕ ਗੰਧਲੇਪਣ ਨੂੰ ਜੜ੍ਹ ਤੋਂ ਮਿਟਾਉਣ ਲਈ ਕਵੀ ਬਹੁਤ ਫ਼ਿਕਰਮੰਦ ਹੈ। ਕਵੀ ਨੇ ਆਪਣੇ ਆਲੇ-ਦੁਆਲੇ ਤੇ ਚੌਗਿਰਦੇ ਨੂੰ ਬੜੀ ਨੀਝ ਨਾਲ ਵੇਖ ਕੇ ਇਸ ਵਿਚਲੀਆਂ ਬੁਰਾਈਆਂ, ਤਰੁਟੀਆਂ ਤੇ ਸਮੱਸਿਆਵਾਂ ਨੂੰ ਪਾਠਕਾਂ/ਸਰੋਤਿਆਂ ਦੇ ਰੂਬਰੂ ਕੀਤਾ ਹੈ। ਪੰਜਾਬੀ ਸਾਹਿਤ ਵਿੱਚ ਇਸ ਕਾਵਿ-ਕਿਤਾਬ ਦਾ ਹਾਰਦਿਕ ਸਵਾਗਤ ਹੈ!

## ਸੰਗਰੂਰ ਜ਼ਿਲੇ ਦੇ ਸਰਕਾਰੀ ਹਸਪਤਾਲਾਂ ਦੀ ਹਾਲਤ ਤਰਸਯੋਗ- ਸਤਿਨਾਮ ਸਿੰਘ ਰੱਤੋਕੇ

### ਲੌਂਗੋਵਾਲ ਹਸਪਤਾਲ ਦਾ ਇੰਨਾਂ ਮਾੜਾ ਹਾਲ ਹੋਇਆ ਕਿ ਲੋਕ ਉਸ ਵਿੱਚ ਆਪਣੇ ਡੰਗਰ ਬੰਨਣ ਲੱਗ ਗਏ

### ਆਮ ਗੱਲਾਂ ਸੁਨਣ ਨੂੰ ਮਿਲ ਜਾਂਦੀਆਂ ਹਨ ਕਿ ਜੇਕਰ ਕਿਸੇ ਨੇ ਆਪਦਾ ਮਰੀਜ਼ ਮਾਰਨਾ ਹੈ ਤਾਂ ਉਹ ਰਜਿੰਦਰਾ ਹਸਪਤਾਲ ਆਪਣੇ ਮਰੀਜ਼ ਨੂੰ ਲੈ ਕੇ ਚਲੇ ਜਾਓ ਉੱਥੋਂ ਮਾਰ ਕੇ ਲੈ ਆਉ

ਵਰਲਡ ਪੰਜਾਬੀ ਟਾਈਮਜ਼
ਰਸ਼ਪਿੰਦਰ ਕੌਰ ਗਿੱਲ



ਸੰਗਰੂਰ 19 ਜਨਵਰੀ: ਸਾਡੇ ਸੰਗਰੂਰ ਜ਼ਿਲੇ ਦੇ ਸਰਕਾਰੀ ਹਸਪਤਾਲਾਂ ਦੀ ਹਾਲਤ ਤਰਸਯੋਗ ਬਣੀ ਹੋਈ ਹੈ। ਸੰਗਰੂਰ ਜ਼ਿਲੇ ਦੇ ਲੋਕ ਸਭਾ ਹਲਕੇ ਦਾ ਪਿੰਡ ਲੌਂਗੋਵਾਲ ਬਹੁਤ ਵੱਡਾ ਪਿੰਡ ਹੈ। ਇਸ ਪਿੰਡ ਦੇ ਸਰਕਾਰੀ ਹਸਪਤਾਲ ਦੀ ਹਾਲਤ ਬਹੁਤ ਜਿਆਦੀ ਤਰਸਯੋਗ ਹੈ। ਸਰਕਾਰਾਂ ਆਉਂਦੀਆਂ ਰਹੀਆਂ, ਸਰਕਾਰਾਂ ਜਾਂਦੀਆਂ ਰਹੀਆਂ, ਸਰਕਾਰਾਂ ਬਣਦੀਆਂ ਰਹੀਆਂ, ਪਰ ਸਾਡੇ ਲੌਂਗੋਵਾਲ ਹਸਪਤਾਲ ਦਾ ਇੰਨਾਂ ਮਾੜਾ ਹਾਲ ਹੋਇਆ ਕਿ ਲੋਕ ਉਸ ਵਿੱਚ ਆਪਣੇ ਡੰਗਰ ਬੰਨਣ ਲੱਗ ਗਏ। ਇੰਨਾਂ ਬੁਰਾ ਹਾਲ ਹੈ ਕਿ ਕੋਈ ਉੱਥੇ ਡਾਕਟਰ ਨਹੀਂ, ਕੋਈ ਉੱਥੇ ਸੁਵਿਧਾ ਨਹੀਂ, ਕੋਈ ਉੱਥੇ ਮਸ਼ੀਨ ਨਹੀਂ। ਉੱਥੇ ਜੇਕਰ ਕੋਈ ਜਾਂਦਾ ਹੈ ਤਾਂ ਸਿਰਫ ਅਮਲੀ ਜਾਂਦੇ ਹਨ। ਉਹ ਵੀ ਉੱਥੇ ਜੀਭ ਵਾਲੀਆਂ ਗੋਲੀਆਂ ਲੈਣ ਜਾਂਦੇ ਹਨ। ਇਸ ਹਸਪਤਾਲ ਵਿੱਚ ਹੋਰ ਕਿਸੇ ਵੀ ਤਰਾਂ ਦਾ ਇਲਾਜ ਨਹੀਂ ਹੁੰਦਾ। ਕਿਸੇ ਤਰਾਂ ਦੀ ਕੋਈ ਦਵਾਈ ਨਹੀਂ ਮਿਲਦੀ। ਜੇਕਰ ਕਿਸੇ ਦੇ ਸੱਟ ਵੱਜ ਜਾਂਦੀ ਹੈ, ਉਹ ਜਦੋਂ ਸੱਟ ਦੀ ਦਵਾਈ ਲੈਣ ਵੀ ਜਾਂਦਾ ਜਾਂ ਟਾਂਕੇ ਲਗਾਉਣੇ ਪੈ ਜਾਣ ਤਾਂ ਉੱਥੋਂ ਰੈਫਰ ਹੀ ਕੀਤਾ ਜਾਂਦਾ ਮਰੀਜ਼ ਨੂੰ ਕਿਉਂਕਿ ਉੱਥੇ ਕੋਈ ਡਾਕਟਰੀ ਸਹੂਲਤ ਹੈ ਹੀ ਨਹੀਂ। ਉਹਨਾਂ ਨੂੰ ਰੈਫਰ ਕੀਤਾ ਜਾਂਦਾ ਹੈ ਸੰਗਰੂਰ। ਸੰਗਰੂਰ ਹਸਪਤਾਲ ਦਾ ਸਾਡਾ ਸਟਾਫ ਵੈਸੇ ਤਾਂ ਬਹੁਤ ਵਧੀਆ ਹੈ। ਸਾਡੇ ਐਸ.ਐਮ.ਓ ਸਾਹਿਬ ਬਹੁਤ ਵਧੀਆ ਹਨ। ਸਾਡੇ ਜਿੰਨੇ ਵੀ ਡਾਕਟਰ ਉੱਥੇ ਹਨ ਉਹ ਬਹੁਤ ਵਧੀਆ ਹਨ। ਪਰ ਉਹ ਵਿਚਾਰੇ ਵੀ ਕਰਣ? ਉਹ ਆਪਦੇ ਵੱਲੋਂ ਪੂਰੀ ਕੋਸ਼ਿਸ਼ ਕਰਦੇ ਹਨ ਇਲਾਜ ਕਰਣ ਦੀ ਪਰ ਉਹਨਾਂ ਕੋਲ ਵੀ ਪੂਰੀ ਮਸ਼ੀਨਰੀ ਸਹੂਲਤ ਨਹੀਂ ਹੈ। ਜਦੋਂ ਉੱਥੇ ਵੀ ਮਰੀਜ਼ ਕੋਈ ਜਿਆਦਾ ਸੀਰੀਅਸ ਹਾਲਤ ਵਿੱਚ ਜਾਂਦਾ ਹੈ ਤਾਂ ਉਹ ਵੀ ਮਜਬੂਰਨ ਰਜਿੰਦਰਾ ਹਸਪਤਾਲ, ਪਟਿਆਲਾ ਵਿਖੇ ਰੈਫਰ ਕਰ ਦਿੰਦੇ ਹਨ। ਸਾਡਾ ਮੁੱਖ ਰਜਿੰਦਰਾ ਹਸਪਤਾਲ, ਪਟਿਆਲਾ ਵੀ ਸਿਆਸਤ ਦੀ ਭੇਂਟ ਚੜ ਚੁੱਕਿਆ ਹੈ। ਹਸਪਤਾਲ ਦਾ ਬੁਰਾ ਹਾਲ ਹੈ ਪਰ ਉੱਥੋਂ ਦਾ ਸਟਾਫ ਬਹੁਤ ਵਧੀਆ ਪਰ ਹਸਪਤਾਲ ਦੀ ਹੋ ਰਹੀ ਬਦਨਾਮੀ ਕਰਕੇ ਉਹ ਵੀ ਮਜਬੂਰ ਹਨ। ਰਜਿੰਦਰਾ ਹਸਪਤਾਲ ਵਿਖੇ ਮੈਂ ਥੋੜੇ ਹੀ ਦਿਨ ਪਹਿਲਾਂ ਗਿਆ। ਉਥੋਂ ਦੇ ਹਾਲਾਤ ਦੇਖ ਕੇ ਮੈਂ ਮਜਬੂਰ ਹੋ ਗਿਆ ਨਾਕਾਮ ਸਿਸਟਮ ਖਿਲਾਫ ਅਵਾਜ਼ ਬੁਲੰਦ ਕਰਣ ਲਈ ਤਾਂ ਜੋ ਸ਼ਾਇਦ ਮੇਰੀ ਅਵਾਜ਼ ਨਾਲ ਸਰਕਾਰ ਦੇ ਕੰਨ ਖੁੱਲ ਜਾਣ। ਰਜਿੰਦਰਾ ਹਸਪਤਾਲ ਦੇ ਵਿੱਚ ਸਟਾਫ ਬਹੁਤ ਵਧੀਆ ਹੋਣ ਦਾ ਕਿ ਫਾਇਦਾ ਜੇਕਰ ਉਸ ਵਿੱਚ ਇਲਾਜ ਲਈ ਮਸ਼ੀਨਰੀ ਦੇ ਸਾਧਨ ਨਹੀਂ ਹੋਣ। ਹਸਪਤਾਲ ਵਿੱਚ ਲੋੜੀਂਦਾ ਸਟਾਫ ਵੀ ਨਾ ਪੂਰਾ ਹੋਵੇ। ਐਮਰਜੈਂਸੀ ਸਮੇਂ ਆਕਸੀਜਨ ਦੇ ਢੋਲ ਇੱਕਾ-ਦੁੱਕਾ ਮਜੂਦ ਕਰਮਚਾਰੀ ਆਪ ਹੀ ਚੁੱਕ ਕੇ ਭੱਜੇ ਫਿਰਦੇ ਹਨ। ਕਿਉਂਕੀ ਆਕਸੀਜਨ ਢੋਲ ਚੁੱਕਣ ਵਾਲਾ ਸਟਾਫ ਵੀ ਨਹੀਂ ਹੈ। ਜਿੰਨਾ ਕੁ ਸਟਾਫ ਹੈ ਉਹ ਵਿਚਾਰੇ ਆਪਦੀ ਪੂਰੀ ਕੋਸ਼ਸ਼ ਕਰਦੇ ਹਨ ਮਰੀਜ਼ ਨੂੰ ਬਚਾਉਣ ਦੀ ਪਰ ਕਈ ਵਾਰਡਾਂ ਵਿੱਚ ਆਕਸੀਜਨ ਸਮੇਂ ਸਿਰ ਨਹੀਂ ਪਹੁੰਚ ਪਾਉਂਦੀ ਫਿਰ ਡਾਕਟਰ ਵਿਚਾਰਾ ਵੀ ਕੀ ਕਰੇਗਾ? ਇੰਨ੍ਹਾਂ ਹਲਾਤਾਂ ਵਿੱਚ ਮਰੀਜ਼ ਕਿਸ ਤਰਾਂ ਬਚੇਗਾ? ਦੂਜੇ ਪਾਸੇ ਰਜਿੰਦਰਾ ਹਸਪਤਾਲ ਦੀ ਬਿਲਡਿੰਗ ਤਰਸਯੋਗ ਬਣੀ ਹੋਈ ਹੈ। ਉੱਥੇ ਕੋਈ ਲਿਫਟ ਦਾ ਖਾਸ ਪ੍ਰਬੰਧ ਨਹੀਂ ਹੈ। ਬਦਲਾਅ ਦੇ ਨਾਂ ਤੇ ਬਣੀ ਸਰਕਾਰ ਆਮ ਆਦਮੀ ਪਾਰਟੀ ਦੇ ਸਾਰੇ ਦਾਅਵੇ ਪੂਰੀ ਤਰਾਂ ਨਾਲ ਫੇਲ ਹੋ ਚੁੱਕੇ ਹਨ। ਉਥੋਂ ਦਾ ਐਮ.ਐਲ.ਏ ਵੀ ਪਟਿਆਲੇ ਦਾ ਹੀ ਹੈ, ਉਹ ਵੀ ਆਮ ਪਾਰਟੀ ਦਾ ਜਿੱਤਿਆ ਹੋਇਆ ਅਤੇ ਕਾਂਗਰਸ ਦਾ ਐਮ.ਪੀ ਜਿਹੜਾ ਧਰਮਵੀਰ ਗਾਂਧੀ ਹੈ ਜਿਹੜਾ ਆਪ ਖੁਦ ਇੱਕ ਡਾਕਟਰ ਹੈ। ਮੈਨੂੰ ਨਹੀਂ ਲੱਗਦਾ ਕਿ ਕਦੇ ਇੰਨ੍ਹਾਂ ਦੋਵਾਂ ਨੇ ਹਸਪਤਾਲ ਵਿੱਚ ਗੇੜ੍ਹਾ ਵੀ ਮਾਰਿਆ ਹੋਵੇਗਾ। ਦੂਜੇ ਪਾਸੇ ਧਰਮਵੀਰ ਗਾਂਧੀ ਦੇ ਆਪਦੇ ਹਸਪਤਾਲ ਦੇ ਵਿੱਚ 300 ਰੁਪਏ ਪਰਚੀ ਚਲਦੀ ਹੈ ਅਤੇ ਉਥੇ ਮਰੀਜ਼ਾਂ ਦੀ ਕਤਾਰ ਨਹੀਂ ਟੁੱਟਦੀ। ਮਾਫ ਕਰਨਾ ਇਹ ਗੱਲ ਕੌੜੀ ਜਰੂਰ ਹੈ ਪਰ ਸੱਚੀ ਹੈ ਜੋ ਮੈਨੂੰ ਕਹਿਣੀ ਪੈ ਰਹੀ ਹੈ। ਰਜਿੰਦਰਾ ਹਸਪਤਾਲ ਦੇ ਵਿੱਚ ਜਿੱਥੇ ਗਰੀਬ ਬੱਚੇ ਜਾਂਦੇ ਹਨ ਜਾਂ ਮਰੀਜ਼ ਜਾਂਦੇ ਹਨ ਜਾਂ ਸਾਡੀਆਂ ਭੈਣਾਂ ਜਾਂਦੀਆਂ ਹਨ। ਇਹਨਾਂ ਦਾ ਕੋਈ ਇਲਾਜ ਨਹੀਂ ਹੁੰਦਾ। ਇੰਨੇ ਵੱਡੇ ਲੀਡਰ ਭਾਜਪਾ ਦੇ ਕੈਪਟਨ ਅਮਰਿੰਦਰ ਸਿੰਘ ਤੇ ਬੀਬੀ ਪਰਨੀਤ ਕੌਰ ਉੱਥੋਂ ਦੇ ਰਹਿਣ ਵਾਲੇ ਹੋਣ ਤੇ ਪਟਿਆਲੇ ਦੇ ਰਜਿੰਦਰਾ ਹਸਪਤਾਲ ਦਾ ਇਹ ਹਾਲ ਹੋਵੇ ਇੰਨ੍ਹਾਂ ਸਭ ਲੀਡਰਾਂ ਲਈ ਸ਼ਰਮ ਦੀ ਗੱਲ ਹੈ। ਜਦੋਂ ਮੈਂ ਰਜਿੰਦਰਾ ਹਸਪਤਾਲ ਦੇ ਡਾਕਟਰਾਂ ਨਾਲ ਗੱਲਬਾਤ ਕੀਤੀ ਤਾਂ ਡਾਕਟਰਾਂ ਦਾ ਇਹ ਕਹਿਣਾ ਸੀ ਕਿ ਵੀਰੇ ਅਸੀਂ ਹਰ ਮਰੀਜ਼ ਦਾ ਇਲਾਜ ਤਾਂ ਕਰਨਾ ਚਾਹੁੰਦੇ ਹਾਂ ਪਰ ਸਹੂਲਤਾਂ ਦੀ ਘਾਟ ਹੋਣ ਦੇ ਕਾਰਨ ਸਹੀ ਢੰਗ ਨਾਲ ਨਹੀਂ ਕਰ ਪਾਉਂਦੇ। ਉਹ ਕਹਿੰਦੇ ਕਿ ਸਾਡੇ ਕੋਲ ਜਿਹੜਾ ਵੀ ਮਰੀਜ਼ ਆ ਜਾਵੇ ਅਸੀਂ ਉਸਨੂੰ ਬਚਾਉਣ ਲਈ ਪੂਰੀ ਕੋਸ਼ਿਸ਼ ਕਰਦੇ ਹਾਂ ਪਰ ਕਈ ਵਾਰ ਅਸੀਂ ਵੀ ਮਜਬੂਰ ਹੋ ਜਾਂਦੇ ਹਾਂ। ਮੈਂ ਉੱਥੇ ਦੇਖਿਆ ਕਿ ਨਵੇਂ ਮੁੰਡੇ-ਕੁੜੀਆਂ ਜੋ ਉੱਥੇ ਕੰਮ ਕਰ ਰਹੇ ਹਨ ਦਿਲੋਂ ਕੰਮ ਕਰਦੇ ਹਨ ਪਰ ਜਦੋਂ ਉਹਨਾਂ ਕੋਲ ਸਰਕਾਰ ਵੱਲੋਂ ਸੁਵਿਧਾ ਹੀ ਪੂਰੀ ਨਹੀਂ ਪਹੁੰਚ ਰਹੀ ਤਾਂ ਉਹ ਵੀ ਕੀ ਕਰ ਸਕਦੇ ਹਨ। ਆਮ ਗੱਲਾਂ ਸੁਨਣ ਨੂੰ ਮਿਲ ਜਾਂਦੀਆਂ ਹਨ ਕਿ ਜੇਕਰ ਕਿਸੇ ਨੇ ਆਪਦਾ ਮਰੀਜ਼ ਮਾਰਨਾ ਹੈ ਤਾਂ ਉਹ ਰਜਿੰਦਰਾ ਹਸਪਤਾਲ ਆਪਣੇ ਮਰੀਜ਼ ਨੂੰ ਲੈ ਕੇ ਚਲੇ ਜਾਓ ਉੱਥੋਂ ਮਾਰ ਕੇ ਲੈ ਆਉ। ਮੈਂ ਸਰਕਾਰ ਨੂੰ ਗੁਹਾਰ ਲਗਾਉਂਦਾ ਹਾਂ ਕਿ ਉਹ ਹਸਪਤਾਲ ਦੀਆਂ ਕਮੀਆਂ ਨੂੰ ਦੂਰ ਕਰੇ। ਸਰਕਾਰ ਨੂੰ ਚਾਹੀਦਾ ਹੈ ਕਿ ਸਰਕਾਰੀ ਹਸਪਤਾਲਾਂ ਵੱਲ ਧਿਆਨ ਦੇਵੇ ਅਤੇ ਵਧੀਆ ਬਿਲਡਿੰਗਾਂ ਬਣਾਵੇ, ਉਹਦੇ ਵਿੱਚ ਸਟਾਫ ਪੂਰਾ ਕਰੇ, ਨਵੇਂ ਮੁੰਡੇ-ਕੁੜੀਆਂ ਪੜ੍ਹ ਕੇ ਡਿਗਰੀਆਂ ਹਾਂਸਲ ਕਰਕੇ ਨੌਕਰੀਆਂ ਨਾ ਮਿਲਣ ਕਰਕੇ ਬੇਰੁਜ਼ਗਾਰ ਧਰਨਿਆਂ ਤੇ ਬਹਿੰਦੇ ਫਿਰਦੇ ਹਨ ਉਹਨਾਂ ਨੂੰ ਰੁਜ਼ਗਾਰ ਦਿੱਤਾ ਜਾਵੇ। ਰਜਿੰਦਰਾ ਹਸਪਤਾਲ ਦੇ ਨਾਲ-ਨਾਲ ਸਾਡੇ ਲੌਂਗੋਵਾਲ ਦੇ ਸਰਕਾਰੀ ਹਸਪਤਾਲ ਵੱਲ ਵੀ ਧਿਆਨ ਦਿੱਤਾ ਜਾਵੇ। ਮਾਨਯੋਗ ਅਮਨ ਅਰੋੜਾ ਜੀ ਹੁਣ ਤਾਂ ਪਾਰਟੀ ਵਿੱਚ ਪੰਜਾਬ ਦੇ ਪ੍ਰਧਾਨ ਵੀ ਹੁਣ ਬਣ ਗਏ ਹਨ ਅਤੇ ਇਥੋਂ ਦੇ ਐਮ.ਐਲ.ਏ ਵੀ ਹਨ। ਉਨਾਂ ਨੂੰ ਇਸ ਸਭ ਵੱਲ ਜਰੂਰ ਧਿਆਨ ਦੇਣਾ ਚਾਹਿਦਾ ਹੈ। ਇਹ ਰਾਜ ਭਾਗ ਦਾ ਕੀ ਪਤਾ ਅੱਗੇ ਆਉਣਾ ਹੈ ਕਿ ਨਹੀਂ ਆਉਣਾ। ਪਰ ਤੁਸੀਂ ਇਹੋ ਜਿਹੇ ਕੰਮ ਕਰ ਜੋ ਕਿ ਲੋਕ ਤੁਹਾਨੂੰ ਸਾਲੋਂ-ਸਾਲ ਯਾਦ ਕਰਨ।

## ਚਾਇਨਾ ਡੋਰ ਦਾ ਕਹਿਰ ਪਿੰਡ-ਪਿੰਡ ਸ਼ਹਿਰ-ਸ਼ਹਿਰ

ਵਰਲਡ ਪੰਜਾਬੀ ਟਾਈਮਜ਼
ਰਣਬੀਰ ਸਿੰਘ ਪ੍ਰਿੰਸ



ਇੱਕ ਸਮਾਂ ਸੀ ਜਦੋਂ ਸਾਡੇ ਤਿੱਥ ਤਿਉਹਾਰ ਖ਼ੁਸ਼ੀਆਂ ਖੇੜੇ ਸਾਂਝੇ ਕਰਨ ਲਈ ਮਨਾਏ ਜਾਂਦੇ ਸਨ। ਜਿਸ ਨਾਲ ਜਿੱਥੇ ਭਾਈਚਾਰਕ ਸਾਂਝ ਤੇ ਆਪਸੀ ਰਿਸ਼ਤੇ ਮਜ਼ਬੂਤ ਹੁੰਦੇ ਸਨ। ਸਿਆਣੇ ਕਹਿੰਦੇ ਹਨ ਕਿ "ਗਿਆਨ ਤੇ ਖ਼ੁਸ਼ੀ ਵੰਡਿਆ ਦੁੱਗਣੀ ਹੋ ਜਾਂਦੀ ਹੈ।"ਪਰ ਅੱਜ ਕੱਲ੍ਹ ਹਲਾਤ ਇਹ ਹੋ ਗਏ ਹਨ ਕਿ,"ਕੋਈ ਮਰੇ, ਕੋਈ ਜੀਵੇ, ਸੁਥਰਾ ਘੋਲ ਪਤਾਸੇ ਪੀਵੇ।" ਖੁਸ਼ੀ ਤੇ ਤਰੱਕੀ ਕਿਸੇ ਦੀ ਸਾਥੋਂ ਜ਼ਰ ਨਹੀਂ ਹੁੰਦੀ, ਦੁੱਖ ਵੰਡਾਉਣਾ ਨਹੀਂ ਆਉਂਦਾ। ਜਿਵੇਂ-ਜਿਵੇਂ ਪੜ੍ਹ ਲਿਖ ਕੇ ਅਕਲ ਆਈ ਜਾਂਦੀ ਹੈ, ਤਿਵੇਂ ਹੀ ਰਿਸ਼ਤਿਆਂ ਤੇ ਖ਼ੁਸ਼ੀਆਂ ਨੂੰ ਖਾਈ ਜਾਂਦੀ ਹੈ। ਅੱਜ ਸਾਡੇ ਤਿੱਥ ਤਿਉਹਾਰ ਖ਼ੁਸ਼ੀਆਂ ਦੀ ਥਾਂ ਸੱਥਰ ਵਿਛਾ ਰਹੇ ਹਨ। ਬਸੰਤ ਰੁੱਤ ਦਾ ਤਿਉਹਾਰ ਹਾਲੇ ਦੂਰ ਹੈ ਪਰ ਗਲ਼ੀ ਮੁਹੱਲਿਆਂ, ਛੱਤਾਂ ਬਨੇਰਿਆਂ,ਸੜਕਾਂ ਤੇ ਮੌਤ ਮੌਤ ਸ਼ਰੇਆਮ ਘੁੰਮ ਰਹੀ। ਪੈਸਾ ਕਮਾਉਣਾ ਤੇ ਸ਼ੌਂਕ ਪੁਗਾਉਣਾ ਮੁੱਖ ਹੋ ਗਿਆ। ਬੱਚਿਆਂ ਦੇ ਹੱਥਾਂ ਵਿੱਚ,ਗੋ ਇੰਡੀਆ ਗੋ,ਫਾਈਟਰ,ਮੋਨੋਕਾਈਟ,, ਮੋਨੋ ਫਿਲ,, ਮੋਨੋਗੋਲਡ,ਗੋਲਡ ਵਰਗੀਆਂ ਜਾਨ ਲੇਵਾ ਡੋਰਾਂ ਆਮ ਵੇਖਣ ਨੂੰ ਮਿਲ ਜਾਣਗੀਆਂ। ਪਾਬੰਦੀ ਦੇ ਬਾਵਜੂਦ ਧੜੱਲੇ ਨਾਲ਼ ਵਿਕ ਰਹੀ ਹੈ। ਸਕੂਲਾਂ ਦੇ ਛੋਟੇ ਛੋਟੇ ਬੱਚੇ ਹੀ ਵੇਚ ਰਹੇ ਹਨ। ਇਸ ਨੂੰ ਅਸਾਨੀ ਨਾਲ ਫੈਕਟਰੀਆਂ ਤੋਂ ਕੋਈ ਜੁੱਤਿਆਂ ਵਾਲੇ ਡੱਬਿਆਂ ਵਿੱਚ, ਕੋਈ ਬੋਰਿਆਂ ਵਿੱਚ ਇੱਥੋਂ ਤੱਕ ਵੀ ਪਤਾ ਲੱਗਾ ਕਿ ਕੁਝ ਪੁਲਿਸ ਮੁਲਾਜ਼ਮ ਵੀ ਛਾਪੇ ਦੌਰਾਨ ਫ਼ੜੀ ਡੋਰ ਨੂੰ ਬਾਹਰ ਦੀ ਬਾਹਰ ਵੇਚ ਦਿੰਦੇ ਹਨ। ਰਕਸ਼ਕ ਹੀ ਭਖਸਕ ਜਾਂ ਕਹਿ ਲਵੋ ਕਿ ਕਿਤੇ ਨਾ ਕਿਤੇ ਕੁੱਤੀ ਚੋਰਾਂ ਨਾਲ ਰਲ਼ੀ ਹੋਈ ਹੈ।ਜੋ ਇਮਾਨਦਾਰ ਲੋਕਾਂ ਨੂੰ ਚੰਦ ਸਿੱਕਿਆਂ ਲਈ ਬਦਨਾਮ ਕਰ ਰਹੇ ਹਨ। ਜਿਸ ਕਰਕੇ ਰੋਜ਼ ਮਾਂਵਾਂ ਦੇ ਪੁੱਤ ਅਜ਼ਾਈਂ ਮੌਤ ਸ਼ਰੇਆਮ ਜਾਨ ਗੁਆ ਰਹੇ ਹਨ।ਲੋੜ ਹੈ ਅੱਜ ਅਸੀਂ ਆਪਣੇ ਤੇ ਆਪਣੇ ਬੱਚਿਆਂ ਨੂੰ ਇਸ ਤੋਂ ਦੂਰ ਰੱਖੀਏ । ਸਕੂਲਾਂ,ਕਾਲਜਾਂ, ਯੂਨੀਵਰਸਿਟੀਆਂ ਵਿੱਚ ਇਸ ਵਿਚਾਰ ਚਰਚਾ ਅਤੇ ਗੋਸ਼ਟੀਆਂ ਕਰਵਾਈਆਂ ਜਾਣ। ਪਿੰਡਾਂ ਤੇ ਸ਼ਹਿਰਾਂ ਵਿੱਚ ਨੁੱਕੜ ਨਾਟਕਾਂ ਰਾਹੀਂ ਲੋਕਾਂ ਨੂੰ ਜਾਗਰੂਕ ਕਰਨਾ।ਜੋ ਵੀ ਡੋਰਾਂ ਕਿਸੇ ਵੀ ਫੈਕਟਰੀ ਜਾਂ ਦੁਕਾਨਾਂ ਤੋਂ ਜ਼ਬਤ ਕੀਤੀਆਂ ਜਾਂਦੀਆਂ ਹਨ। ਉਨ੍ਹਾਂ ਦੀ ਵੀਡੀਓਗਰਾਫੀ ਕਰਕੇ ਉਸ ਸਮੇਂ ਨਸ਼ਟ ਕਰ ਦਿੱਤੀਆਂ ਜਾਣ। ਕਿਉਂਕਿ," ਨਾ ਰਹੇਗਾ ਬਾਂਸ ਨਾ ਵੱਜੇਗੀ ਬਾਂਸੁਰੀ।"

## ਮੈਂ ਕਿਉਂ ਮਾਰਾਂ

ਵਰਲਡ ਪੰਜਾਬੀ ਟਾਈਮਜ਼
ਮਹਿੰਦਰ ਸਿੰਘ ਮਾਨ

ਜਿਸ ਨੇ ਆਪਣੇ ਘਰ ਦੇ ਬੂਹੇ ਭੇੜੇ,
ਮੈਂ ਕਿਉਂ ਮਾਰਾਂ ਉਸ ਦੇ ਘਰ ਵੱਲ ਗੇੜੇ?

ਚਾਚੇ, ਤਾਏ,ਮਾਮੇ ਪਿੱਛੋਂ ਆਉਂਦੇ,
ਮਾਂ ਹੁੰਦੀ ਹੈ ਪੁੱਤ ਦੇ ਸਭ ਤੋਂ ਨੇੜੇ।

ਜੋ ਤੂਫਾਨਾਂ ਵਿੱਚ ਵੀ ਛੱਡਦੇ ਨ੍ਹੀ ਦਿਲ,
ਪਾਰ ਉਨ੍ਹਾਂ ਦੇ ਯਾਰੋ, ਲੱਗਦੇ ਬੇੜੇ।

ਉਸ ਵਰਗਾ ਮੂਰਖ ਨਾ ਕੋਈ ਯਾਰੋ,
ਜੋ ਸੁੱਤੇ ਹੋਏ ਨਾਗਾਂ ਨੂੰ ਛੇੜੇ।

ਮਿਹਨਤ ਕਰਨੀ ਪੈਣੀ ਰੱਜ ਕੇ ਯਾਰੋ,
ਜੇ ਲਿਆਣੇ ਜੀਵਨ ਵਿਚ ਖੁਸ਼ੀਆਂ, ਖੇੜੇ।

ਉਹ ਇਹਨਾਂ ਦੇ ਗੁਣ ਗਾਉਂਦਾ ਨਾ ਥੱਕੇ,
ਜਿਸ ਨੇ ਵੀ ਖਾਧੇ ਜੇਜੋਂ ਦੇ ਪੇੜੇ।

ਹੁਣ ਪੁੱਤਾਂ ਦਾ ਮੋਹ ਨਾ ਰਿਹਾ ਮਾਂ-ਪਿਉ ਵਿਚ,
ਪੈਸੇ ਲਈ ਉਹ ਹੋਣ ਉਨ੍ਹਾਂ ਦੇ ਨੇੜੇ।